# ਅੰਮ੍ਰਿਤ ਕੀਰਤਨ

ਕੀਰਤਨ ਅਤੇ ਸੰਗੀਤ ਦੀ ਜਾਣਕਾਰੀ ਦੇਣ ਵਾਲਾ ਮਾਸਿਕ ਪੱਤਰ

ਮੁੱਲ : 10 ਰੁਪਏ ਦਸੰਬਰ, 1995



ਆਨਰੇਰੀ ਸੰਪਾਦਕ

ਡਾ. ਜਾਗੀਰ ਸਿੰਘ

# ਅੰਮ੍ਰਿਤ ਕੀਰਤਨ

ਕੀਰਤਨ ਤੇ ਸੰਗੀਤ ਦੀ ਜਾਣਕਾਰੀ ਦੇਣ ਵਾਲਾ ਮਾਸਿਕ ਪੱਤਰ

ਅੰਕ 12 ਸਾਲ ਸੱਤਵਾਂ ਦਸਬਰ, 1995


| | |
|---|---|
| ਪਾਠਕ ਲਿਖਦੇ ਹਨ : | 2 |
| ਕਰਉ ਬੇਨੰਤੀਆ | 3 |
| ਗੁਰੂ ਗੋਬਿੰਦ ਸਿੰਘ ਜੀ ਦੀ ਭਾਰਤੀ ਸੰਗੀਤ ਨੂੰ ਦੇਣ<br>ਪ੍ਰੋ. ਜੋਗਿੰਦਰ ਪਾਲ<br>ਡਾ. ਬਚਿਤਰ ਸਿੰਘ | 4 |
| ਅਰਦਾਸ ਕਿਸ ਅੱਗੇ ?<br>ਡਾ. ਜਸਵੰਤ ਸਿੰਘ ਨੇਕੀ | 8 |
| ਭਾਈ ਅਵਤਾਰ ਸਿੰਘ, ਭਾਈ ਗੁਰਚਰਨ ਸਿੰਘ<br>ਹਰਜਾਪ ਸਿੰਘ | 10 |
| ਸੁਰਲਿਪੀ ਰਾਗ ਗੁਣਕਲੀ<br>ਸ. ਗਿਆਨ ਸਿੰਘ | 14 |
| ਧੰਨ ਧੰਨ ਗੁਰੂ ਗੋਬਿੰਦ ਸਿੰਘ ਜੀ/ਕਵਿਤਾ<br>ਸਰਦਾਰਨੀ ਹਰਬੰਸ ਕੌਰ | 16 |
| ਸਮਾਚਾਰ ਦਰਪਣ<br>ਜੋਗਿੰਦਰ ਸਿੰਘ ਬਾਵਰਾ | 17 |
| ਗ੍ਰਾਮ ਵਿਵੇਚਨ<br>ਤੀਰਥ ਸਿੰਘ | 18 |
| ਕੰਪਿਊਟਰ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ<br>ਅਮਨਪ੍ਰੀਤ ਕੌਰ | 18 |
| ਕੀਰਤਨ – ਪ੍ਰੋਗਰਾਮ | 19 |


ਲੇਖਾਂ ਵਿਚ ਪ੍ਰਗਟਾਏ ਵਿਚਾਰ ਲੇਖਕਾਂ ਦੇ ਨਿਜੀ ਹਨ । ਇਹਨਾਂ ਨਾਲ ਸੰਪਾਦਕ ਜਾਂ ਅੰਮ੍ਰਿਤ ਕੀਰਤਨ ਟ੍ਰਸਟ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ ।

*

'ਅੰਮ੍ਰਿਤ ਕੀਰਤਨ' ਡਾਇਰੈਕਟਰ ਸਿੱਖਿਆ ਵਿਭਾਗ ਪੰਜਾਬ ਚੰਡੀਗੜ੍ਹ ਦੇ ਪੱਤਰ ਨੰ: 4-8-90 ਮਿਤੀ 20-2-91 ਅਨੁਸਾਰ ਰਾਜ ਦੇ ਸੀਨੀਅਰ ਸੈਕੰਡਰੀ ਸਕੂਲਾਂ ਦੀਆਂ ਲਾਇਬਰੇਰੀਆਂ ਲਈ ਪ੍ਰਵਾਣਿਤ ਹੈ ।


ਸੰਪਾਦਕ (ਆਨਰੇਰੀ)

ਡਾ. ਜਾਗੀਰ ਸਿੰਘ

ਐਮ.ਏ. (ਸੰਗੀਤ, ਪੰਜਾਬੀ, ਧਾਰਮਿਕ ਅਧਿਐਨ) ਪੀ.ਐਚ.ਡੀ.

*

ਸਹਯੋਗੀ

ਡਾ. ਤ੍ਰਿਲੋਚਨ ਸਿੰਘ ਤਰਨੀ

ਡ. ਕਰਨੈਲ ਸਿੰਘ ਸੋਮਲ

ਸ. ਜੋਤਿੰਦਰ ਸਿੰਘ ਸੋਹਲ

ਸੂ. ਹਰਿਭਜਨ ਸਿੰਘ ਚੋਪੜਾ (ਬਰੁਮਾ)

ਪ੍ਰੋ. ਸਤਵਿੰਦਰ ਸਿੰਘ

*

ਚਿੱਤਰਕਾਰ

ਗੁਰਦੀਪ ਸਿੰਘ ਦੀਪ


| ਚੰਦੇ ਦਾ ਵੇਰਵਾ : | ਚਿੱਠੀ ਪੱਤਰ ਲਈ ਪਤਾ : |
|---|---|
| ਇਕ ਕਾਪੀ 10/ | ਅੰਮ੍ਰਿਤ ਕੀਰਤਨ ਟ੍ਰਸਟ ਰਜਿ. |
| ਸਲਾਨਾ 100/- | 422, ਸੈਕਟਰ 15 ਏ |
| ਜੀਵਨ ਮੈਂਬਰ 1000/- | ਚੰਡੀਗੜ੍ਹ-160015 |
| ਵਿਦੇਸ਼ ਸਲਾਨਾ 500/- | |
| ਜੀਵਨ ਮੈਂਬਰ 5000/- | ਫੋਨ : 772660<br>45452 |

*

'ਅੰਮ੍ਰਿਤ ਕੀਰਤਨ' ਲਈ ਚੈੱਕ/ਡਰਾਫਟ 'ਅੰਮ੍ਰਿਤ ਕੀਰਤਨ ਟ੍ਰਸਟ' ਦੇ ਨਾਮ ਹੀ ਭੇਜੇ ਜਾਣ ਜੀ ।

# ਪਾਠਕ ਲਿਖਦੇ ਹਨ :

★ "ਆਪ ਵੱਲੋਂ ਪ੍ਰਕਾਸ਼ਿਤ ਕੀਤਾ ਜਾ ਰਿਹਾ ਮਾਸਿਕ ਪੱਤਰ 'ਅੰਮ੍ਰਿਤ ਕੀਰਤਨ' ਕਲਿਜੁਗੀ ਜੀਵਾਂ ਲਈ ਬੋਹਿਥ ਹੈ। ਇਹ ਸੱਚ ਮੁਚ ਹੀ ਘਰ ਦੀ ਲਇਬਰੇਰੀ ਦਾ ਸ਼ਿੰਗਾਰ ਹੈ। ਆਸ ਕਰਦਾ ਹਾਂ, ਇਸ ਰਸਾਲੇ ਰਾਹੀਂ ਤੁਸੀਂ ਗੁਰਬਾਣੀ ਦੀ ਚੇਟਕ ਹਰ ਹਿਰਦੇ ਵਿੱਚ ਲਾਓਗੇ ਅਤੇ ਇਸ ਪ੍ਰਕਾਰ ਕੀਰਤਨ ਬਾਰੇ ਸਮੁੱਚੀ ਜਾਣਕਾਰੀ ਦੇ ਕੇ ਆਧੁਨਿਕ ਸਮਾਜ ਦੀ ਸੇਵਾ ਕਰਕੇ ਨਾਮਣਾ ਖੱਟੋਗੇ। 'ਸਾਸਤਰੀ ਸੰਗੀਤ ਦੀ ਪਰੰਪਰ' (ਜੂਨ 1995) ਅਤੇ 'ਰਾਗੀ ਜਥਾ ਭਾਈ ਸਮੁੰਦ ਸਿੰਘ ਜੀ' ਸਲਾਹੁਣਯੋਗ ਹਨ।

— ਡਾ. ਸਾਹਿਬ ਸਿੰਘ ਅਰਸ਼ੀ, ਪੈਟਰਨ
ਸੁਖਮਨੀ ਸਾਹਿਬ ਸੇਵਾ ਸੋਸਾਇਟੀ ਪੰਚਕੂਲਾ (ਹਰਿਆਣਾ)

★ ਇੱਕੀ ਸੌ ਰੁਪਏ ਦਾ ਚੈੱਕ ਭੇਜ ਰਿਹਾ ਹਾਂ, ਸੇਵਾ ਪ੍ਰਵਾਨ ਕਰਨੀ ਜੀ। ਵਾਹਿਗੁਰੂ ਆਪ ਜੀ ਨੂੰ ਪੰਥ ਦੀ ਸੇਵਾ ਕਰਨ ਦੀ ਸ਼ਕਤੀ ਬਖਸ਼ੇ। ਸ਼ੁਭ-ਇਛਾਵਾਂ ਦੇ ਨਾਲ।

– ਮਨਮੋਹਣ ਸਿੰਘ ਕੋਹਲੀ
ਜਨਰਲ ਸਕਤਰ, ਸਿੱਖ ਯੂਥ ਐਸੋਸੀਏਸ਼ਨ, ਬੰਬਈ

★ ਅਸੀਂ ਸਾਰੇ ਪਿਛਲੇ ਕਾਫੀ ਸਮੇਂ ਤੋਂ 'ਅੰਮ੍ਰਿਤ ਕੀਰਤਨ' ਪੜ੍ਹਦੇ ਆ ਰਹੇ ਹਾਂ ਤੇ ਕਾਫੀ ਗਿਆਨ ਹਾਸਲ ਕੀਤਾ ਹੈ। ਇਸ ਦਾ ਸਿਹਰਾ ਆਪ ਜੀ ਦੇ ਸਿਰ ਬੱਝਦਾ ਹੈ।

— ਗਿ: ਅਜੀਤ ਸਿੰਘ ਵੈਦਰਾਜ
ਪ੍ਰਧਾਨ ਗੁਰਮਤ ਸਾਹਿਬ ਲਾਇਬ੍ਰੇਰੀ, ਸੁਲਤਾਨਪੁਰ ਲੋਧੀ

★ ਅੰਮ੍ਰਿਤ ਕੀਰਤਨ' ਦੀ ਚੜ੍ਹਦੀ ਕਲਾ ਦੀ ਅਰਦਾਸ ਹੈ। ਤੁਛ ਮਾਇਆ 200 ਰੁਪਏ ਦਾ ਚੈੱਕ ਭੇਜ ਰਹੀ ਹਾਂ, ਪ੍ਰਵਾਨ ਕਰਨੀ ਜੀ।

— ਸਰਦਾਰਨੀ ਹਰਬੰਸ ਕੌਰ, ਇੰਗਲੈਂਡ

★ The undersigned has been directed to send the Guru Nanak Vidya Bhandar trust's humble contribution of Rupees five Thousand, for retaining the continuety of the publication with your goodself being on the heim of thd affairs, and brain behind the valuable & religious publication.

– Kartar Singh
Administration Officer

★ 'ਅੰਮ੍ਰਿਤ ਕੀਰਤਨ' ਰਾਹੀਂ ਜੋ ਵਿਸ਼ੇਸ਼ ਤੇ ਵਿਲੱਖਣ ਸੇਵਾ ਆਪ ਗੁਰਬਾਣੀ, ਗੁਰੂ ਵਿਚਾਰ ਸਿੱਖ ਵਿਚਾਰਧਾਰਾ ਤੇ ਕੀਰਤਨ ਪਰਿਪਾਟੀ ਦੀ ਕਰ ਰਹੇ ਹੋ, ਉਹ ਸਲਾਹੁਣਯੋਗ ਹੈ। ਸਾਲਾਨਾ ਚੰਦੇ ਦਾ ਸੌ ਰੁਪਏ ਦਾ ਚੈੱਕ ਭੇਜ ਰਿਹਾ ਹਾਂ।

- ਸੁਰਜੀਤ ਸਿੰਘ ਮਿਨਹਾਸ
ਸਾਬਕਾ ਸਪੀਕਰ, ਪੰਜਾਬ ਵਿਧਾਨ ਸਭਾ

★ ਅਸੀਂ 'ਅੰਮ੍ਰਿਤ ਕੀਰਤਨ' ਦੀ ਚੜ੍ਹਦੀ ਕਲਾ ਲਈ ਹਰ ਵੇਲੇ ਅਰਦਾਸ ਕਰਦੇ ਹਾਂ। ਪੰਜ ਸੌ ਰੁਪਏ ਭੇਜ ਰਿਹਾ ਹਾਂ।

— ਅਛਰ ਸਿੰਘ, ਬੰਬਈ

★ ਅੰਮ੍ਰਿਤ ਕੀਰਤਨ ਭੇਜਣ ਲਈ ਧੰਨਵਾਦ! ਸਲਾਨਾ ਚੰਦਾ ਭੇਜ ਰਿਹਾ ਹਾਂ।

—ਭਾਈ ਇਕਬਾਲ ਸਿੰਘ ਸਾਬਰ ਲੁਧਿਆਣਾ

★ 'ਅੰਮ੍ਰਿਤ ਕੀਰਤਨ' ਹੁਣ ਕਨੇਡਾ ਵਿਚ ਵੀ ਵੇਖਿਆ ਹੈ। ਵਾਹਿਗੁਰੂ ਇਸ ਨੂੰ ਪ੍ਰਫੁਲਤ ਕਰੇ।

- ਨਿਰਮਲ ਸਿੰਘ ਰਾਗੀ, ਚੰਡੀਗੜ੍ਹ

★ 'ਅੰਮ੍ਰਿਤ ਕੀਰਤਨ' ਕੀਰਤਨ ਸਿੱਖਣ ਲਈ ਵਧੀਆ ਮਾਸਿਕ-ਪੱਤਰ ਹੈ। ਇਸਨੂੰ ਭੇਜਦੇ ਰਹਿਣਾ। ਸਲਾਨਾ ਚੰਦਾ ਭੇਜ ਰਹੀ ਹਾਂ।

— ਸ਼ਰਨਜੀਤ ਕੌਰ
ਪਿੰਡ ਪਾਸਲਾ ਜਲੰਧਰ

★ 'ਅੰਮ੍ਰਿਤ ਕੀਰਤਨ' ਲਈ ਸ਼ੁਭ ਇਛਾਵਾਂ ਸਹਿਤ ਸਲਾਨਾ ਚੰਦਾ ਪ੍ਰਵਾਨ ਕਰਨਾ।

ਅਮਰਜੀਤ ਸਿੰਘ
ਰਾਮਗੜ੍ਹੀਆ ਬਿਲਡਿੰਗ, ਮੰਡੀ ਗੋਬਿੰਦਗੜ੍ਹ

★ 'ਅੰਮ੍ਰਿਤ ਕੀਰਤਨ' ਸਾਡਾ ਆਪਣਾ ਰਸਾਲਾ ਹੈ। ਇਸ ਨੂੰ ਜਾਰੀ ਰਖਣ ਲਈ ਜੋ ਸੇਵਾ ਹੋਵੇ ਦਸਣਾ। ਦੋ ਸੌ ਰੁਪਏ ਭੇਜ ਰਿਹਾ ਹਾਂ।

ਗਿਆਨ ਸਿੰਘ ਐਮ. ਏ. ਬੀ. ਐਡ.
ਗੋਬਿੰਦਪੁਰਾ ਜਿਲਾ ਸਿਰਸਾ

ਕੋਰਤੂ ਪੰਨਤੀਆ...

# ਕੀਰਤਨ ਸੰਕਟ ਵਿੱਚ ਹੈ

'ਕੀਰਤਨ' ਦੀ ਪਰਿਭਾਸ਼ਾ ਗੁਰਮਤ ਸਾਹਿਤ ਵਿੱਚ ਇਸ ਪ੍ਰਕਾਰ ਮਿਲਦੀ ਹੈ : ਗੁਰਬਾਣੀ ਨੂੰ ਰਾਗ ਤਾਲ ਵਿਚ ਗਾਇਨ ਕਰਨਾ ਕੀਰਤਨ ਹੈ। ਗੁਰੂ ਗਰੰਥ ਸਾਹਿਬ ਵਿੱਚ ਦਰਜ ਬਾਣੀ ਉਪਰ ਰਾਗਾਂ ਦੇ ਸਿਰਲੇਖ ਅਤੇ ਗੁਰਬਾਣੀ ਨੂੰ ਵੰਨ ਸੁਵੰਨੀਆਂ ਧੁਨੀਆਂ ਅਤੇ ਘਰਾਂ ਵਿੱਚ ਗਾਇਨ ਕਰਨ ਦੇ ਆਦੇਸ਼ਾਂ ਤੋਂ ਵੀ ਇਸ ਪਰਿਭਾਸ਼ਾ ਦੇ ਠੀਕ ਹੋਣ ਦੀ ਪੁਸ਼ਟੀ ਹੁੰਦੀ ਹੈ। ਸਿੱਖ ਇਤਿਹਾਸ ਵਿਚੋਂ ਅਤੇ ਗੁਰਦੁਆਰਾ ਸਾਹਿਬਾਨ ਵਿਚ ਪ੍ਰਚਲਤ ਕੀਰਤਨ-ਰੂਪ ਤੋਂ ਵੀ ਪਤਾ ਲਗਦਾ ਹੈ ਕਿ ਗੁਰਬਾਣੀ ਨੂੰ ਨਿਸਚਿਤ ਰਾਗ ਤਾਲ ਵਿੱਚ ਗਾਇਨ ਕਰਨਾ ਹੀ ਕੀਰਤਨ ਕਿਹਾ ਜਾ ਸਕਦਾ ਹੈ।

ਅਜ ਕਲ੍ਹ ਕੀਰਤਨ ਦੇ ਨਾਮ ਹੇਠ ਗੁਰਬਾਣੀ ਗਾਇਨ ਦੇ ਕੁਝ ਅਜਿਹੇ ਰੂਪ ਪ੍ਰਚਲਤ ਹੋ ਰਹੇ ਹਨ ਅਤੇ ਸਗੋਂ ਇਹਨਾਂ ਨੂੰ ਸਹੀ ਕੀਰਤਨ ਨਾਲੋਂ ਵੀ ਵਧੇਰੇ ਸਨਮਾਨ ਮਿਲ ਰਿਹਾ ਹੈ, ਜਿਸ ਕਾਰਨ ਕੀਰਤਨ ਦੇ ਅਸਲੀ ਰੂਪ ਲਈ ਸੰਕਟ ਪੈਦਾ ਹੋ ਰਿਹਾ ਹੈ। ਸਾਡੇ ਪਾਸੋਂ ਗੁਰਮਤਿ ਸੰਗੀਤ ਦੀਆਂ ਕਾਫੀ ਧੁਨੀਆਂ 'ਘਰ' ਆਦਿ ਤਾਂ ਪਹਿਲਾਂ ਹੀ ਅਲੋਪ ਹੋ ਚੁਕੇ ਹਨ। ਹੁਣ ਗੁਰੂ ਗਰੰਥ ਸਾਹਿਬ ਦੇ ਹਰ ਸ਼ਬਦ ਉਪਰ ਲਿਖਿਆ 'ਰਾਗ' ਸੰਕੇਤ ਵੀ ਅਣਗੌਲਿਆ ਕੀਤਾ ਜਾ ਰਿਹਾ ਹੈ। ਜਦੋਂ ਗੁਰਬਾਣੀ ਨੂੰ ਰਾਗ ਵਿੱਚ ਗਾਇਨ ਹੀ ਨਹੀਂ ਕਰਨਾ ਫਿਰ ਰਾਗਾਂ ਅਤੇ ਰਾਗ ਮਾਲਾ ਬਾਰੇ ਚਰਚਾ ਕਰਨੀ ਅਤੇ ਇਸ ਚਰਚਾ ਨੂੰ ਬਹਿਸ ਦੀ ਸਥਿਤੀ ਤਕ ਲੈ ਜਾਣਾ ਕਿੰਨਾ ਕੁ ਸਾਰਥਕ ਹੈ।

'ਅੰਮ੍ਰਿਤ ਕੀਰਤਨ' ਦੇ ਪਾਠਕੋ ! ਤੁਸੀਂ ਭਾਵੇਂ ਗਿਣਤੀ ਵਿੱਚ ਥੋੜੇ ਹੋ ਪਰ ਤੁਹਾਡੀ ਰਾਇ ਕੀਰਤਨ ਦੇ ਸਹੀ ਰੂਪ ਨੂੰ ਸੰਭਾਲਣ ਵਿਚ ਬੜਾ ਯੋਗਦਾਨ ਪਾ ਸਕਦੀ ਹੈ। ਹੇਠ ਲਿਖੀਆਂ ਕੁਝ ਘਟਨਾਵਾਂ ਕਿਹੜੇ ਕੀਰਤਨ ਨੂੰ ਦਰਸਾਉਂਦੀਆਂ ਹਨ ?

ਇਕ ਬਹੁਤ ਵਿਦਵਾਨ ਕੀਰਤਨੀਏ ਹਨ। ਇਹ ਆਪਣੇ ਨਾਮ ਨਾਲ 'ਰਾਗੀ' ਨਹੀਂ ਸਗੋਂ ਪ੍ਰੋਫੈਸਰ ਲਗਵਾਉਣਾ ਪਸੰਦ ਕਰਦੇ ਹਨ। ਐਲਾਨ ਹੁੰਦਾ ਹੈ ਕਿ ਇਹ ਕੀਰਤਨ ਕਰਨਗੇ। ਇਹ ਇਕ ਸ਼ਬਦ ਸ਼ੁਰੂ ਕਰਕੇ ਵਿਆਖਿਆ ਕਰਦੇ ਹਨ। ਵਿਆਖਿਆ ਕਰਦਿਆਂ ਅਜੋਕੀ ਸਿੱਖ ਸਥਿਤੀ ਬਾਰੇ ਉਕਸਾਊ ਅਤੇ ਵਿਵਾਦਪੂਰਨ ਟਿਪਣੀਆਂ ਕਰਦੇ ਹਨ। ਇਹਨਾਂ ਟਿਪਣੀਆਂ ਦੀ ਅਖਬਾਰਾਂ ਵਿੱਚ ਚਰਚਾ ਹੁੰਦੀ ਹੈ। ਲੋਕਾਂ ਨੂੰ ਇਹ ਯਾਦ ਨਹੀਂ ਰਹਿੰਦਾ ਕਿ ਇਹਨਾਂ ਨੇ ਕਿਹੜਾ ਸ਼ਬਦ ਗਾਇਨ ਕੀਤਾ। ਯਾਦ ਇਹ ਰਹਿੰਦਾ ਕਿ ਇਹਨਾਂ ਨੇ ਕਿਹੜੇ ਸਿੱਖ ਆਗੂ ਬਾਰੇ ਟਿੱਪਣੀਆਂ ਕੀਤੀਆਂ। ਕੀ ਇਹ ਕੀਰਤਨ ਹੈ ?

ਕੁਝ ਇੱਕ ਨਿਸ਼ਕਾਮ ਕੀਰਤਨੀਏ ਅਤੇ ਸੰਤ ਵੀ ਹਨ। ਇਹ ਸੱਜਣ ਸਿੱਖ ਸਮਾਜ ਦੇ ਖੇਤਰਾਂ ਵਿਚ ਬੜਾ ਵੱਡਾ ਯੋਗਦਾਨ ਪਾ ਰਹੇ ਹਨ। ਉਹਨਾਂ ਦੀ ਜਿਤਨੀ ਵੀ ਸਲਾਘਾ ਕੀਤੀ ਜਾਵੇ ਥੋਹੜੀ ਹੈ। ਪਰ ਕੀਰਤਨ ਕਰਨਾ ਇਹਨਾਂ ਦੇ ਵਸ ਵਿਚ ਨਹੀਂ ਕਿਉਂਕਿ ਇਹਨਾਂ ਨੇ ਰਾਗ ਅਤੇ ਤਾਲ ਦੀ ਸਿਖਿਆ ਪ੍ਰਾਪਤ ਨਹੀਂ ਕੀਤੀ। ਗੁਰਮਤ ਦਾ ਅਧਿਐਨ ਇਹਨਾਂ ਦਾ ਭਾਵੇਂ ਚੰਗਾ ਹੈ ਅਤੇ ਪ੍ਰਚਾਰ ਵੀ ਚੰਗਾ ਕਰਦੇ ਹਨ ਪਰ ਇਹ ਆਪਣੇ ਇਸ ਕਰਤਬ ਨੂੰ ਕੀਰਤਨ ਦਾ ਨਾਮ ਦਿੰਦੇ ਹਨ। ਸੰਗਤਾਂ ਵਿਚ ਇਸ ਦੀ ਸ਼ਲਾਘਾ ਹੋ ਰਹੀ ਹੈ। ਪਰ ਕੀਰਤਨ ਦੇ ਸਹੀ ਸਰੂਪ ਨੂੰ ਢਾਹ ਲਗ ਰਹੀ ਹੈ।

ਕੁਝ ਹੋਰ ਬੜੇ ਮਹਿੰਗੇ ਕੀਰਤਨੀਏ ਹਨ। ਇਹ ਕੀਰਤਨ ਦਰਬਾਰਾਂ ਦੀ ਸ਼ਾਨ ਹਨ। ਇਹਨਾਂ ਦੇ ਨਾਮ ਨਾਲ ਕੀਰਤਨ ਦਰਬਾਰਾਂ ਵਿੱਚ ਸਿੱਖ ਸੰਗਤਾਂ ਦੀ ਹਾਜ਼ਰੀ ਵਧ ਜਾਂਦੀ ਹੈ। ਸਿੱਖ ਸੰਗਤਾਂ ਵਿੱਚ ਉਹਨਾਂ ਦਾ ਬਹੁਤ ਸਤਿਕਾਰ ਹੈ। ਇਕ ਕੀਰਤਨ ਦਰਬਾਰ ਵਿੱਚ ਇੱਕ ਇਹੋ ਜਿਹੇ ਕੀਰਤਨੀਏ ਕੀਰਤਨ ਕਰਨ ਆਏ ਤਾਂ ਇਕ ਨੌਜੁਆਨ ਨੇ ਕਿਹਾ "ਮਹਾਰਾਜ ! ਤੁਸੀਂ 'ਤੇਰੇ ਨਾਮ ਕਾ ਦੀਵਾਨਾ' ਗਾਣੇ ਦੀ ਤਰਜ਼ ਤੇ ਜਿਹੜਾ ਸ਼ਬਦ ਗਾਉਂਦੇ ਹੋ ਉਹ ਜ਼ਰੂਰ ਸੁਣਾਓ।" ਇਸ ਕੀਰਤਨ ਨਾਲ ਨੌਜੁਆਨ ਨੂੰ ਫਿਲਮੀ ਗਾਣਾ ਤਾਂ ਯਾਦ ਹੋਇਆ ਪਰ ਗੁਰਬਾਣੀ ਦਾ ਸ਼ਬਦ ਯਾਦ ਨਹੀਂ ਸੀ। ਕੀ ਇਹ ਕੀਰਤਨ ਹੈ ? ਮੇਰੇ ਵਾਂਗ ਤੁਹਾਡੇ ਆਪਣੇ ਅਨੁਭਵ ਵੀ ਹੋਣਗੇ। ਉੱਤਰ ਅਤੇ ਸੁਝਾਵਾਂ ਦੀ ਉਡੀਕ ਵਿੱਚ।

ਦਾਸ

[signature]

ਗੁਰੂ ਗੋਬਿੰਦ ਸਿੰਘ ਜੀ ਲਾਸਾਨੀ ਪ੍ਰਤਿਭਾ ਦੇ ਮਾਲਿਕ ਸਨ। ਆਪ ਜੀ ਨੂੰ ਸਾਹਿਤ ਅਤੇ ਕਲਾ ਦੇ ਖੇਤਰ ਵਿੱਚ ਵੀ ਬਹੁਤ ਉੱਚਾ ਸਥਾਨ ਪ੍ਰਾਪਤ ਹੈ। ਇਹ ਨਾਂ ਕੇਵਲ ਬ੍ਰਿਜ ਭਾਸ਼ਾ, ਫ਼ਾਰਸੀ ਅਤੇ ਹਿੰਦੀ ਦੇ ਹੀ ਮਹਾਨ ਕਵੀ ਸਨ ਸਗੋਂ ਉਹ ਸੂਰਬੀਰ, ਯੋਧਾ, ਅਤੇ ਕਲਾਕਾਰ ਸਨ। 42 ਵਰ੍ਹਿਆਂ ਦੇ ਆਪਣੇ ਜੀਵਨ ਵਿੱਚ ਉਨ੍ਹਾਂ ਅਨੇਕ ਕਠਿਨਾਈਆਂ ਦਾ ਸਾਹਮਣਾ ਕਰਦੇ ਹੋਏ ਭਾਰਤੀ ਸਾਹਿਤ, ਸੰਗੀਤ ਅਤੇ ਕੌਮ ਨੂੰ ਨਵੀਂ ਸੇਧ ਪ੍ਰਦਾਨ ਕੀਤੀ।

ਗੁਰੂ ਗੋਬਿੰਦ ਸਿੰਘ ਜੀ ਦਾ ਜਨਮ 26 ਦਸੰਬਰ ਸੰਨ 1666 ਈਸਵੀ ਨੂੰ ਪਟਨੇ ਵਿਖੇ ਹੋਇਆ। ਇਨ੍ਹਾਂ ਦੇ ਪਿਤਾ ਗੁਰੂ ਤੇਗ ਬਹਾਦਰ ਅਤੇ ਮਾਤਾ ਦਾ ਨਾਂ ਗੁਜਰੀ ਸੀ।

# ਗੁਰੂ ਗੋਬਿੰਦ ਸਿੰਘ ਜੀ ਦੀ ਭਾਰਤੀ ਸੰਗੀਤ ਨੂੰ ਦੇਣ

ਪ੍ਰੋ. ਜੋਗਿੰਦਰਪਾਲ, ਡਾ. ਬਚਿੱਤਰ ਸਿੰਘ

ਬਚਪਨ ਵਿੱਚ ਇਨ੍ਹਾਂ ਦਾ ਪਾਲਣ ਪੋਸ਼ਣ ਇਨ੍ਹਾਂ ਦੇ ਮਾਮੇ ਕਿਰਪਾਲ ਜੀ ਨੇ ਕੀਤਾ। ਬਚਪਨ ਤੋਂ ਗੁਰੂ ਗੋਬਿੰਦ ਸਿੰਘ ਜੀ ਤੀਖਣ ਬੁਧੀ ਦੇ ਮਾਲਕ ਸਨ। ਛੇ ਵਰ੍ਹਿਆਂ ਦੀ ਉਮਰ ਵਿੱਚ ਹੀ ਇਨ੍ਹਾਂ ਦੀਆ ਖੇਡਾਂ ਵਿੱਚ ਅਸਧਾਰਨ ਚਿੰਨ੍ਹ ਦਿਖਾਈ ਦਿੰਦੇ ਸਨ। ਛੇ ਸਾਲ ਦੀ ਉਮਰ ਤੱਕ ਪਟਨੇ ਰਹੇ ਫਿਰ ਅਨੰਦਪੁਰ ਸਾਹਿਬ ਆ ਗਏ। ਆਨੰਦਪੁਰ ਸਾਹਿਬ ਵਿੱਚ ਗੁਰੂ ਜੀ ਦੀ ਸਿਖਿਆ ਦਾ ਹਰ ਤਰ੍ਹਾਂ ਦਾ ਪ੍ਰਬੰਧ ਕੀਤਾ ਗਿਆ। 1675 ਈਸਵੀ ਵਿੱਚ ਗੁਰੂ ਜੀ ਨੂੰ ਗੁਰਆਈ ਗੱਦੀ ਦਿੱਤੀ ਗਈ।

ਸ੍ਰੀ ਗੁਰੂ ਗਰੰਥ ਸਾਹਿਬ (ਆਦਿ ਗਰੰਥ) ਤੋਂ ਬਾਅਦ ਸਿੱਖ ਸਮਾਜ ਵਿੱਚ ਦੂਸਰਾ ਵਿਸਤਰਿਤ ਧਾਰਮਿਕ ਗਰੰਥ 'ਦਸਮ ਗਰੰਥ' ਹੈ। ਪਰੰਤੂ 'ਆਦਿ ਗਰੰਥ' ਦੀ ਪ੍ਰਮਾਣਿਕਤਾ ਜਿੰਨੀ ਬਿਨਾਂ ਸ਼ੱਕ ਹੈ, ਦਸਮ ਗਰੰਥ ਦੀ ਪ੍ਰਮਾਣਿਕਤਾ ਉਨੀ ਹੀ ਸੰਦੇਹ ਪੂਰਵਕ ਹੈ ਗੁਰੂ ਜੀ ਦੀ ਸੰਗੀਤਕ, ਪ੍ਰਤਿਭਾ ਸਿੱਖ ਇਤਿਹਾਸ ਅਤੇ ਪਰੰਪਰਾ ਦੇ ਅਨੁਸਾਰ ਗੁਰੂ ਜੀ ਨੇ ਆਪਣੇ ਦਰਬਾਰ ਵਿੱਚ 52 ਕਵੀ ਰੱਖੇ ਹੋਏ ਸਨ।

ਗੁਰੂ ਗੋਬਿੰਦ ਸਿੰਘ ਜੀ ਦੁਆਰਾ ਰਚਿਤ ਬੀਰ ਰਸੀ ਕਵਿਤਾ ਪੰਜਾਬੀ ਸਾਹਿਤ ਵਿੱਚ ਉੱਤਮ ਨਮੂਨਾ ਹੈ। ਇਨ੍ਹਾਂ ਦੇ ਦਰਬਾਰੀ ਕਵੀ ਇਨ੍ਹਾਂ ਦੀਆਂ ਪਾਈਆਂ ਲੀਹਾਂ ਦੇ ਅਨੁਸਾਰ ਹੀ ਕਵਿਤਾ ਰਚਦੇ ਸਨ। ਭਾਈ ਮਨੀ ਸਿੰਘ ਨੇ ਗੁਰੂ ਜੀ ਅਤੇ ਉਨ੍ਹਾਂ ਦੇ 51 ਕਵੀਆਂ ਦੀਆਂ ਰਚਨਾਵਾਂ ਦਾ 'ਦਸਮ ਗਰੰਥ' ਵਿੱਚ ਸੰਕਲਨ ਕੀਤਾ ਹੈ ਗੁਰੂ ਗੋਬਿੰਦ ਸਿੰਘ ਨੇ ਸਿੱਖਾਂ ਤੋਂ ਸਿੰਘ ਸਾਜੇ। ਇਨ੍ਹਾਂ ਨੇ ਨਾ ਕੇਵਲ ਮੁਰਦਾ ਹੋਈ ਹਿੰਦੂ ਜਾਤੀ ਦੇ ਅੰਦਰਲੇ ਵਿਚਾਰਾਂ ਨੂੰ ਬਦਲਿਆ ਸਗੋਂ ਖਾਲਸੇ ਨੂੰ ਵਿਲੱਖਣ ਸ਼ਖਸੀਅਤ ਦਾ ਮਾਲਕ ਬਣਾ-ਇਆ। ਦਮਦਮਾ ਸਾਹਿਬ ਵਿੱਚ ਕੁਝ ਸਮਾਂ ਰਹਿਕੇ ਇਨ੍ਹਾਂ ਨੇ ਭਾਈ ਮਨੀ ਸਿੰਘ ਤੋਂ ਨੌਵੇਂ ਪਾਤਸ਼ਾਹ ਗੁਰੂ ਤੇਗ ਬਹਾਦੁਰ ਜੀ ਦੀ ਬਾਣੀ ਗੁਰੂ ਗਰੰਥ ਸਾਹਿਬ ਵਿਚ ਦਰਜ ਕਰਾਈ।

(3) 'ਦਸਮ ਗਰੰਥ' 1428 ਪੰਨਿਆ ਦਾ ਵਿਸ਼ਾਲ ਆਕਾਰੀ ਗਰੰਥ ਹੈ ਜਿਸਦਾ ਵਰਤਮਾਨ ਰੂਪ ਵਿੱਚ ਨਿਮਨਲਿਖਤ ਕਰਮ ਨਾਲ ਬਾਣੀਆਂ ਸੰਗ੍ਰਹਿਤ ਹਨ।

(1) ਜਾਪਿ ਸਾਹਿਬ (2) ਅਕਾਲ ਉਸਤਤਿ (3) ਬਚਿੱਤਰ ਨਾਟਕ (ਆਪਨੀ ਕਥਾ) (4) ਚੰਡੀ ਚਰਿੱਤਰ (5) ਵਾਰ ਸ੍ਰੀ ਭਗਾਉਤੀ ਜੀ ਕੀ (6) ਗਿਆਨ ਪ੍ਰਬੋਧ (7) ਚੌਬੀਸ ਅਵਤਾਰ (8) ਬ੍ਰਹਮਾ ਅਵਤਾਰ (9) ਰੁਦਰਾ-ਅਵਤਾਰ (10) ਸ਼ਬਦ ਹਜਾਰੇ (11) ਸਵੈਯੇ (12) ਖਾਲਸਾ ਮਹਿਮਾ (13) ਸਾਸਤਰ-ਨਾਮ ਮਾਲਾ (14) ਚਰਿ-ਤਰੋਂ ਪਾਖਿਆਨ (15) ਜ਼ਫ਼ਰਨਾਮਾ ਅਤੇ ਹਦਾਇਤਾਂ।

ਇਨ੍ਹਾਂ ਬਾਣੀਆਂ ਤੋਂ ਅਤਿਰਿਕਤ ਪ੍ਰਾਚੀਨ ਪੋਥੀਆਂ ਵਿੱਚ ਕੁਝ ਹੋਰ ਬਾਣੀਆਂ ਵੀ ਸੰਗ੍ਰਹਿਤ ਹਨ। ਜ਼ਫ਼ਰਨਾਮਾ ਮੁਗਲ ਸਮਰਾਟ ਔਰੰਗਜ਼ੇਬ ਨੂੰ ਲਿਖਿਆ ਫ਼ਾਰਸੀ ਭਾਸ਼ਾ ਵਿੱਚ ਗੁਰੂ ਗੋਬਿੰਦ ਸਿੰਘ ਜੀ ਦਾ ਇਤਿਹਾਸਕ ਪੱਤਰ ਹੈ ਅਤੇ 'ਹਦਾਇਤਾਂ' ਇਸੇ ਦਾ ਹਿੱਸਾ ਮੰਨੀ ਜਾਂਦੀ ਹੈ। 'ਵਾਰ ਸ੍ਰੀ ਭਗਉਤੀ ਜੀ ਕੀ' ਪੰਜਾਬੀ ਭਾਸ਼ਾ ਬੀਰ ਰਸੀ ਦੀ ਰਚਨਾ ਹੈ।

ਦਸਮ ਗਰੰਥ ਦੀਆਂ ਰਚਨਾਵਾਂ ਦੇ ਅਧਿਐਨ ਤੋਂ ਇਹ ਗੱਲ ਸਪਸ਼ਟ ਹੋ ਜਾਂਦੀ ਹੈ ਕਿ ਗੁਰੂ ਗੋਬਿੰਦ ਸਿੰਘ ਜੀ ਜਿਥੇ ਮਹਾਨ ਧਾਰਮਿਕ ਆਗੂ ਸਨ ਉਥੇ ਅਦੁੱਤੀ ਕਵੀ ਤੇ ਸੰਗੀਤ ਤੇ ਸੰਗੀਤ ਵੇਤਾ ਵੀ ਸਨ। ਇਹੋ ਹੀ ਕਾਰਨ ਹੈ ਕਿ ਇਨ੍ਹਾਂ ਦੀਆਂ ਰਚਨਾਵਾਂ ਵਿੱਚ ਸਾਧਾਰਨ ਪੱਧਰ ਦੇ ਮਨੁੱਖ ਨੂੰ ਆਤਮਕ, ਸਰੀਰਕ, ਸਮਾਜਿਕ ਅਤੇ ਬੌਧਿਕ ਪੱਧਰ ਤੋਂ ਤੋਂ ਉਚਿਆਣ ਦੇ ਸਾਰੇ ਗੁਣ ਵਿਦਮਾਨ ਹਨ। ਗੁਰੂ ਜੀ ਨੇ ਇਸ ਲੋਕ ਵਿੱਚ ਆਪਣੇ ਆਉਣ ਦਾ ਉਦੇਸ਼ ਕਿੰਨੇ ਸੁੰਦਰ ਸ਼ਬਦਾਂ ਵਿੱਚ ਦਰਸਾਇਆ ਹੈ :

"ਹਮ ਇਹ ਕਾਜ ਜਗਤ ਮੋ ਆਏ
ਧਰਮ ਹੇਤੁ ਗੁਰੁਦੇਵ ਪਠਾਏ
ਜਹਾਂ ਤਹਾਂ ਤੁਮ ਧਰਮ ਬਿਥਾਰੋ
ਦੁਸ਼ਟ ਦੋਖੀਅਨ ਪਕਰ ਪਛਾਰੋ
ਯਾਹੀ ਕਾਜ ਧਰਾ ਹਮ ਜਨਮੰ
ਸਮਝ ਲੇਹੁ ਸਾਧੂ ਸਭ ਮਨਮੰ
ਧਰਮ ਚਲਾਵਨ ਸੰਤ ਉਬਰਨ
ਦੁਸਟ ਸਭਨ ਕੋ ਮੂਲ ਉਪਰਨ ॥"

ਇਨ੍ਹਾਂ ਦੀਆਂ ਰਚਨਾਵਾਂ ਪੜ੍ਹ ਕੇ ਸਹਿਜੇ ਹੀ ਅਨੁਮਾਨ ਲਾਇਆ ਜਾ ਸਕਦਾ ਹੈ ਕਿ ਉਹ ਸੰਸਕ੍ਰਿਤ, ਪ੍ਰਾਕ੍ਰਿਤ, ਅਰਬੀ, ਫ਼ਾਰਸੀ, ਬ੍ਰਿਜ ਅਤੇ ਪੰਜਾਬੀ ਆਦਿ ਭਾਸ਼ਾਵਾਂ ਦੇ ਮਹਾਨ ਵਿਦਵਾਨ ਸਨ ।

**ਦਸਮ ਗਰੰਥ ਵਿੱਚ ਸੰਗੀਤਕ ਸ਼ਬਦਾਵਲੀ** : ਗੁਰੂ ਜੀ ਨੇ ਜਾਪੁ ਸਾਹਿਬ ਵਿੱਚ ਸੰਗੀਤ ਦੀ ਸ਼ਬਦਾਵਲੀ ਗਾਇਨ, ਵਾਦਨ, ਨ੍ਰਿਤ, ਨਾਦ ਅਤੇ ਤਾਨਾ) ਨੂੰ ਕਿੰਨੇ ਗਹਿਰਾਈ ਨਾਲ ਉਸ ਅਕਾਲ ਪ੍ਰਭੂ ਦੀ ਉਸਤਤੀ ਲਈ ਵਰਤਿਆ ਹੈ ਜੋ ਆਪਣੀ ਮਿਸਾਲ ਆਪ ਹੈ ।

"ਨਮੋ ਗੀਤ ਗੀਤੇ ॥ ਨਮੋ ਤਾਨ ਤਾਨੇ ॥
ਨਮੋ ਨਰਿਤ ਨਰਿਤੇ ॥ ਨਮੋ ਨਾਦ ਨਾਦੇ ॥
ਨਮੋ ਪਾਨ ਪਾਨੇ ॥ ਨਮੋ ਬਾਦ ਬਾਦੇ ॥

ਇਸ ਤੋਂ ਬਿਨਾਂ ਸੰਸਕ੍ਰਿਤ ਸ਼ਬਦਾਵਲੀ ਦੀ ਵਰਤੋਂ "ਉਘਟਤ ਤਾਨ ਤਰੰਗ ਰੰਗ ਅਤਿ" ਇੰਨੇ ਸੁੰਦਰ ਢੰਗ ਨਾਲ ਕੀਤੀ ਹੈ ।

ਦਸਮ ਗਰੰਥ ਦੀ ਬਾਕੀ ਰਚਨਾਵਾਂ ਬਚਿੱਤਰ ਨਾਟਕ ਦਾ ਹੀ ਅੰਗ ਹਨ ਇਹ ਸਾਰੀ ਬਾਣੀ ਭਾਰਤੀ ਸਾਹਿਤ ਦਾ ਸ੍ਰੇਸ਼ਠਤਮ ਅੰਗ ਹੈ । ਇਸ ਦੀ ਸੰਗੀਤਕ ਤੌਰ 'ਤੇ ਵਿਸ਼ੇਸ਼ ਮਹਾਨਤਾ ਹੈ ।

**ਸਰਬ ਲੋਹ ਗਰੰਥ** : ਸਰਬ ਲੋਹ ਗਰੰਥ ਵਿੱਚ ਵੱਖ ਵੱਖ ਰਾਗਾਂ ਵਿੱਚ ਬਾਣੀ ਦਿੱਤੀ ਗਈ ਹੈ ਜਿਨ੍ਹਾਂ ਦੀ ਗਿਣਤੀ ਲਗਭਗ 150 ਦੇ ਨਜ਼ਦੀਕ ਹੈ :

| | | |
|---|---|---|
| ਸਾਰੰਗ | ਆਸਾ ਕਾਫੀ | ਬੈਰਾੜੀ |
| ਗੌੜੀ | ਆਸਾਵਰੀ | ਤੋੜੀ |
| ਭੈਰੋਂ | ਨਟ ਨਾਰਾਇਣ | ਗੌੜ |
| ਰਾਮਕਲੀ | ਕਾਫੀ | ਗੌੜ ਬਿਲਾਵਲ |
| ਗੁਜਰੀ | ਨਟ | ਸਾਰੰਗ |
| ਦੇਵਗੰਧਾਰੀ | ਮਾਲੀਗੌੜਾ | ਕਾਫੀ |
| ਪ੍ਰਭਾਤੀ | ਕਾਨੜਾ | ਹਮੀਰ |
| ਧਨਾਸਰੀ | ਕਲਿਆਣ | ਗੰਭੀਰ |
| ਬਿਲਾਵਲ | ਮਾਰੂ | ਕੁੰਭ |
| ਸੂਹੀ | ਪਰਜ | ਮਲਹਾਰ |
| ਬਿਹਾਗ | ਕੇਦਾਰਾ | ਮਲਹਾਰ ਭੈਰੋਂ |
| ਤਿਲੰਗ | ਸੋਹਨੀ | ਸ਼ਾਮ |
| ਸ੍ਰੀ | ਜੰਜੈਵੰਤੀ | ਬਸੰਤ |
| ਮਾਝ | ਤੁਖਾਰੀ | ਬਸੰਤ ਮਲਹਾਰੀ |
| ਗੌੜੀ ਪੂਰਬੀ | ਬਿਹਾਗੜਾ | ਬਸੰਤ ਮਲਹਾਰੀ |
| ਗੌੜੀ ਬੈਰਾਗਣ | ਬਿਹਾਗੜਾ ਅੜਾਨਾ | ਮਾਲਕੌਂਸ |
| ਗੌੜੀ ਚੇਤੀ | ਮਾਰਵਾ | ਮਾਲਕੌਂਸ ਮੇਘ |
| ਆਸਾ | ਜੈਤ ਸ੍ਰੀ | ਦੀਪਕ |
| ਭੋਗ | ਦੀਪਕ | ਕਾਫੀ |
| ਸੰਦੂਰ | ਮੰਗਲਮ | ਭੂਪਾਲੀ |
| ਸਰਸ | ਕੁਸਮ | ਖੰਭਾਯਚ |
| ਤਿਲੰਗ | ਹਰਖ | ਦੇਵ ਸਾਖ |
| ਮਧਮਾਦ | ਭੈਰਵੀ | ਬੰਗਾਲਮ |
| ਬੰਗਾਲ | ਅਸਲੇਖੀ | ਲਲਿਤ |
| ਗੰਧਾਰੀ | ਗੰਧਾਰੀ ਸਿਉਤੀ | ਗਮ ਤੰ |
| ਮੇਵਾਰਾ | ਪ੍ਰਬਲਚੰਦ | ਕੌਸਿਕ |
| ਕੁਮਹਾਰਾ | ਖੋਖਟ | ਸੰਕਰਸੁਜਾਤੀ |
| ਮ੍ਰਿਗਲੋਚਨ | ਸ਼ੰਕਰ ਗੰਧਾਰੀ | |
| ਅਹੀਰੀ | ਜਲਧਾਰਾ | ਵ੍ਰਿਧ ਖੰਭਾਯਚ |
| ਅਹੀਰੀ ਹਿੰਦਵੀ | | ਰਸਾਲੂ |
| ਅਹੀਰੀ ਗੁਆਰੇਰੀ | ਵੈਰਾਧਰ | ਦੀਪਕ |
| ਗੌਣਕਰੀ | ਗਜਧਰ | ਕੁਸ਼ਮੰਜਲੀ |
| ਪਟਮੰਜਰੀ | ਕਾਮੋਦ | ਦੇਵਪਲਾਸੀ |
| ਕਾਮੋਦੀ | ਰਾਮਾ ਸਿੰਧਵੀ | ਲਲਿਤ ਵਰੰਗੀ |
| ਕਾਲੰਕਾ | ਜਬਲੀਧਰ | ਸੁਰਬੰਗਾਲੀ |
| ਕੁਤਲ | ਹਿੰਡੋਲ | ਝਿੰਝੋਟੀ |
| ਭਾਸਕਰ | ਬਸਾਲੀ | ਸੁਰਬੰਗਾਲੀ |
| ਚੰਦਰ ਬਿੰਬ | ਮੰਗਲਾ | ਸੰਕਰਾਵਿਭਾਸਾ |
| ਸਰਸਬਾਨ | ਦਰਬਾਰੀ ਬੁਨਿਆਦੀ | ਚੰਦਰ ਪ੍ਰਕਾਸ਼ |
| ਕਮਲ | ਕਾਫੀ | ਸਿੰਘਵਰਨੀ |
| ਕਮਲ ਵਿਯੋਗੀ | | ਮਿੱਤਰਵਰਨੀ ਹੰਸਧਜੀ ਆਦਿ |

ਗੁਰੂ ਗੋਬਿੰਦ ਸਿੰਘ ਜੀ ਦੀਆਂ ਰਚਨਾਵਾਂ ਵਿੱਚ ਸੰਗੀਤਕ ਛੰਦ : 'ਦਸਮ ਗਰੰਥ' ਵਿੱਚ ਸੰਗੀਤ ਛੰਦ ਗੁਰੂ ਗੋਬਿੰਦ ਸਿੰਘ ਜੀ ਦੀ ਸੰਗੀਤਕ ਕਲਾ ਦਾ ਉੱਤਮ ਨਮੂਨਾ ਹਨ। ਸੰਗੀਤ ਛੰਦ ਵਿੱਚ ਮਿਰਦੰਗ ਦੇ ਭਿੰਨ ਭਿੰਨ ਬੋਲਾਂ ਦੇ ਆਧਾਰ 'ਤੇ ਕਵਿਤਾ ਦੀ ਰਚਨਾ ਕੀਤੀ ਗਈ ਹੈ। ਇਨ੍ਹਾਂ ਵਿੱਚੋਂ ਸੱਤ ਪ੍ਰਕਾਰ ਇਸ ਤਰ੍ਹਾਂ ਹਨ।

(1) ਸੰਗੀਤ (2) ਸੰਗੀਤ ਨਾਰਾਜ (3) ਸੰਗੀਤ ਪਧਿਸ਼ਟਕਾ (4) ਸੰਗੀਤ ਪਾਧੜੀ (5) ਸੰਗੀਤ ਬਹੜਾ (6) ਸੰਗੀਤ ਭੁਜੰਗ ਪ੍ਰਯਾਤ (7) ਸੰਗੀਤ ਮਧੁਭਾਰ।

ਗੁਰੂ ਜੀ ਦੀਆਂ ਬਾਣੀਆਂ ਵਿੱਚ ਪਰਿਭਾਸ਼ਕ ਸ਼ਬਦ : ਸ੍ਰੀ ਦਸਮ ਗਰੰਥ ਪੜ੍ਹਕੇ ਸਹਿਜੇ ਹੀ ਅਨੁਮਾਨ ਲਗਾਇਆ ਲਗਾਇਆ ਜਾ ਸਕਦਾ ਹੈ ਕਿ ਦਸਮ ਗਰੰਥ ਵਿਚ ਭਾਰਤੀ ਸੰਗੀਤ ਦਾ ਵਿਸ਼ਾਲ ਭੰਡਾਰ ਹੈ। ਢੋਲ, ਮਿਰਦੰਗ, ਨਗਾਰੇ, ਸੰਖ, ਧੁਨੀ, ਕੋਲਾਹਲ, ਰਾਗ, ਗੰਧਰਵ ਸਿੱਧੀ ਤੰਤੀ, ਰਾਗ ਰਸਾਲੂ, ਤਾਨ ਤਰਗ, ਤਾਲ, ਗੀਤ, ਆਦਿ ਸ਼ਬਦ ਗੂੜ੍ਹੀ ਸੰਗੀਤਕ ਸਮਝ ਦੀ ਉਪਜ ਹਨ। ਫੱਗਣ ਦੀ ਰੁੱਤ ਵਿੱਚ 'ਹੋਲੀ ਖੇਡਣ' 'ਖੇਲਤ ਧਮਾਰ' ਕਹਿਣਾ ਉਸ ਸਮੇਂ ਦੀ ਪ੍ਰਸਿੱਧ ਗਾਇਨ ਸ਼ੈਲੀ ਧਮਾਰ ਸਬੰਧੀ ਜਾਣਕਾਰੀ ਨੂੰ ਹੀ ਨਹੀਂ ਦਿਖਾਉਂਦੀ ਸਗੋਂ ਉਸ ਸੈਲੀ ਦੇ ਵਿਸ਼ੇ ਵਸਤੂ ਨੂੰ ਵੀ ਅਤੀ ਕਲਾ ਕੌਸ਼ਲਤਾ ਨਾਲ ਦਰਸਾਇਆ ਗਿਆ ਹੈ।

ਗੁਰੂ ਗੋਬਿੰਦ ਸਿੰਘ ਜੀ ਦੁਆਰਾ ਸਿੱਖ ਸੰਗੀਤ ਦੀਆਂ ਚਲੀਆਂ ਆ ਰਹੀਆਂ ਪਰੰਪਰਾਵਾਂ ਨੂੰ ਕਾਇਮ ਰਖਿਆ ਜਾ ਰਿਹਾ ਸੀ। ਇਨ੍ਹਾਂ ਵਿਚ ਦੀਵਾਨ ਲਗਾਉਣਾ, ਰਾਗ ਤੇ ਗਾਇਨ ਸ਼ੈਲੀਆਂ ਅਨੁਸਾਰ ਕੀਰਤਨ ਕਰਨਾ, ਸਿੱਖ ਸੰਗੀਤ ਦੀਆਂ ਪਰੰਪਰਾਵਾਂ ਦੇ ਅੰਤਰਗਤ ਆਉਂਦਾ ਹੈ। ਇਨ੍ਹਾਂ ਦੇ ਦੇ ਸਮੇਂ ਵੀ ਸਵੇਰੇ ਆਸਾ ਦੀ ਵਾਰ ਦਾ ਕੀਰਤਨ, ਸ਼ਾਮ ਨੂੰ ਸੋਦਰ ਦੀ ਚੌਕੀ ਆਦਿ ਦਾ ਕੀਰਤਨ ਹੁੰਦਾ ਸੀ। ਇਥੋਂ ਤੱਕ ਕਿ ਜੰਗਾਂ, ਯੁਧਾਂ ਦੇ ਦਿਨਾਂ ਵਿੱਚ ਵੀ ਸਵੇਰੇ ਅਤੇ ਸ਼ਾਮ ਨੂੰ ਦੀਵਾਨ ਲਾ ਕੇ ਕੀਰਤਨ ਕਰਦੇ ਸਨ। ਗੁਰੂ ਗੋਬਿੰਦ ਸਿੰਘ ਜੀ ਦੁਆਰਾ ਜਿਥੇ ਜੰਗਾਂ ਯੁਧਾਂ ਵਿੱਚ ਆਪਣੇ ਨਾਲ ਕੀਰਤਨ ਦੀ ਪਰੰਪਰਾ ਚਲਾਈ ਆਉਂਦੇ ਸਨ ਉਨ੍ਹਾਂ ਵਾਰ ਗਾਇਨ ਦੀ ਪਰੰਪਰਾ ਨੂੰ ਕਾਇਮ ਰੱਖਿਆ। ਵਾਰ ਗਾਇਨ ਦੀ ਪਰੰਪਰਾ ਗੁਰੂ ਹਰਗੋਬਿੰਦ ਜੀ ਨੇ ਸ਼ੁਰੂ ਕੀਤੀ ਸੀ। ਗੁਰੂ ਗੋਬਿੰਦ ਸਿੰਘ ਜੀ ਦੀ ਬੀਰ ਰਸੀ ਰਚਨਾ ਚੰਡੀ ਦੀ ਵਾਰ ਹੈ।

ਸਿੱਖ ਪਰੰਪਰਾਵਾਂ ਦੇ ਅਨੁਸਾਰ ਬਾਣੀ ਦੀ ਰਚਨਾ : ਪਹਿਲੇ ਗੁਰੂ ਤੋਂ ਲੈ ਕੇ ਜੋ ਪਰੰਪਰਾ ਚਲੀ ਆ ਰਹੀ ਸੀ ਜਿਵੇਂ ਰਹਾਉ, ਅੰਕ ਘਰ, ਰਾਗ ਆਦਿ ਨੂੰ ਕਾਇਮ ਰਖਦੇ ਹੋਏ ਗੁਰੂ ਗੋਬਿੰਦ ਸਿੰਘ ਜੀ ਨੇ ਰਾਮਕਲੀ ਸੋਰਠ, ਕਲਿਆਣ ਤਿਲੰਗ, ਕਾਫੀ ਬਿਲਾਵਲ, ਦੇਵਗੰਧਾਰੀ ਆਦਿ ਰਾਗਾਂ ਵਿਚ ਰਚਨਾ ਕਰਕੇ ਪਹਿਲਾਂ ਚਲੀ ਆ ਰਹੀ ਪਰੰਪਰਾ ਅਨੁਕਰਣ ਕੀਤਾ।

ਗੁਰੂ ਗੋਬਿੰਦ ਸਿੰਘ ਜੀ ਦੀ ਬਾਣੀ ਵਿੱਚ ਤਾਲ ਦੀ ਪਰਪੱਕਤਾ : ਗੁਰੂ ਜੀ ਦੀ ਬਾਣੀ ਨੂੰ ਦੇਖਦੇ ਹੋਏ ਅਸੀਂ ਆਖ ਸਕਦੇ ਹਾਂ ਕਿ ਇਹਨਾਂ ਦੀ ਬਾਣੀ ਵਿੱਚ ਰੰਗ ਨਗੀ ਹੈ, ਤਾਲ, ਮਾਤਰਾ ਅਤੇ ਛੰਦ ਦੀ ਪਕੇਰੀ ਪਕੜ ਹੈ।

'ਖਗ ਖੰਡ ਬਿਹੰਡੰ ਖਲਦਲ ਖੰਡੰ
ਅਤਿਰਣ ਮੰਡੰ ਬਰਬੰਡੰ'

ਸਵੈਯਾ ਦੁਕਾਲੰ ਪ੍ਰਣਾਸੀ ਦਿਆਲੰ ਸਰੂਪੇ
ਸਦਾ ਅੰਗ ਸੰਗੇ ਅਮਗੰ ਬਿਭੂਤੇ।

ਗੁਰੂ ਗੋਬਿੰਦ ਸਿੰਘ ਜੀ ਦੇ ਸਮੇਂ ਵਿੱਚ ਢਾਡੀਆਂ ਦੁਆਰਾ ਵਾਰ ਗਾਇਨ ਪਰੰਪਰਾ ਬਹੁਤ ਜੋਰਾਂ 'ਤੇ ਸੀ ਇਸ ਤੋਂ ਬਿਨਾਂ ਤਾਊਸ, ਤਾਨਪੁਰਾ, ਪਖਾਵਜ, ਤਬਲਾ ਮਿਰਦੰਗ, ਰਬਾਬ ਵਰਗੇ ਸਾਜ਼ਾਂ ਦੀ ਕੀਰਤਨ ਲਈ ਵਰਤੋਂ ਕੀਤੀ ਜਾਂਦੀ ਸੀ ਆਪ ਦਾ ਜੀਵਨ ਜੰਗਾਂ ਨਾਲ ਭਰਪੂਰ ਰਿਹਾ ਪਰੰਤੂ ਆਪ ਦੁਆਰਾ ਰਚੀ ਗਈ ਬਾਣੀ ਦੇ ਸਾਹਿਤਕ ਅਤੇ ਸੰਗੀਤਕ ਗੁਣਾਂ ਨੂੰ ਦੇਖਦੇ ਹੋਏ ਅਸੀਂ ਕਹਿ ਸਕਦੇ ਹਾਂ ਕਿ ਗੁਰੂ ਜੀ ਇਕ ਮਹਾਨ ਕਵੀ, ਧਰਮ ਪ੍ਰਚਾਰਕ, ਯੋਧਾ ਅਤੇ ਸੂਰਬੀਰ ਸਨ।

ਖਿਆਲ ਗਾਇਨ ਸ਼ੈਲੀ : ਗੁਰੂ ਗੋਬਿੰਦ ਸਿੰਘ ਜੀ ਦੀ ਭਾਰਤੀ ਸੰਗੀਤ ਨੂੰ ਅਦੁਤੀ ਦੇਣ ਇਹ ਹੈ ਕਿ ਇਹਨਾਂ ਨੇ ਇਕ ਨਵੀਨ ਗਾਇਨ ਸ਼ੈਲੀ ਦਾ ਪ੍ਰਯੋਗ ਕੀਤਾ। ਇਸ ਸ਼ੈਲੀ ਨੂੰ ਸੰਗੀਤ ਵਿਚ ਖਿਆਲ ਗਾਇਨ ਕਹਿੰਦੇ ਹਨ। ਆਧੁਨਿਕ ਸਮੇਂ ਉੱਤਰੀ ਹਿੰਦੁਸਤਾਨੀ ਸੰਗੀਤ ਪੱਧਤੀ ਵਿਚ ਖ਼ਿਆਲ ਗਾਇਨ ਸ਼ੈਲੀ ਨੂੰ ਮਹੱਤਵਪੂਰਨ ਸਥਾਨ ਪ੍ਰਾਪਤ ਹੈ। ਬਹੁਤ ਸਾਰੇ ਇਤਿਹਾਸਕਾਰਾਂ ਨੇ ਖਿਆਲ ਗਾਇਨ ਦਾ ਅਵਿਸ਼ਕਾਰਕ ਅਮੀਰ ਖੁਸਰੋ ਨੂੰ ਮੰਨਿਆ ਹੈ। ਕਈ ਲੇਖਕਾਂ ਦਾ ਵਿਚਾਰ ਕਿ ਖਿਆਲ ਦਾ ਅਵਿਸ਼ਕਾਰ ਜੌਨਪੁਰ ਦੇ ਬਾਦਸ਼ਾਹ ਸੁਲਤਾਨ ਹੁਸੈਨ ਸ਼ਰਕੀ (1458-1499) ਨੇ ਕੀਤਾ। ਇਨਾਂ ਦੋਵਾਂ ਵਿਅਕਤੀਆਂ ਦੇ ਰਚੇ ਖਿਆਲਾਂ ਦਾ ਕਿਸੇ ਗਰੰਥ ਵਿਚੋਂ ਨਹੀਂ ਮਿਲਦਾ ਅਤੇ ਨਾ ਹੀ ਕੋਈ ਖ਼ਿਆਲ ਸੁਣਨ ਵਿਚ ਆਇਆ ਹੈ। ਪ੍ਰੋਫੈਸਰ ਤਾਰਾ ਸਿੰਘ ਅਨੁਸਾਰ ਗੁਰੂ ਗਰੰਥ ਸਾਹਿਬ ਦੀ ਸਾਰੀ ਰਚਨਾਂ ਵਿਚ ਖਿਆਲ ਸ਼ਬਦ

ਸ਼ੈਲੀ ਦੇ ਰੂਪ ਵਿਚ ਕਿਤੇ ਨਹੀਂ ਵਰਤਿਆ ਮਿਲਦਾ ਅਤੇ ਨਾ ਹੀ ਇਸ ਕਾਲ ਦੇ ਕਿਸੇ ਗਾਇਕ, ਭਗਤ, ਸੰਤ ਕਵੀ ਜਾਂ ਕਿਸੇ ਸੂਫੀ ਫਕੀਰ ਨੇ 'ਖਿਆਲ ਦੀ ਵਰਤੋਂ' ਆਪਣੀ ਰਚਨਾ ਕੀਤੀ ਹੈ। ਇਸ ਲਈ ਭਾਰ ੀ ਸੰਗੀਤ ਵਿਚ ਖਿਆਲ ਸ਼ੈਲੀ ਦੀ ਈਜਾਦ ਗੁਰੂ ਗੋਬਿੰਦ ਸਿੰਘ ਜੀ ਨੇ ਹੀ ਕੀਤੀ। ਇਸ ਗੱਲ ਦੀ ਪੁਸ਼ਟੀ ਲਈ ਗੁਰੂ ਗੋਬਿੰਦ ਸਿੰਘ ਰਚਿਤ ਖ਼ਿਆਲ 'ਮਿੱਤਰ ਪਿਆਰੇ ਨੂੰ ਕਾਫੀ ਪ੍ਰਸਿਧ ਹੈ। ਖਿਆਲ ਗੀਤ ਦੀ ਰਚਨਾ ਸੰਖੇਪ ਹੁੰਦੀ ਹੈ। ਇਸ ਵਿਚ ਸਥਾਈ ਅਤੇ ਅੰਤਰਾ ਦੋ ਹੀ ਭਾਗ ਹੁੰਦੇ ਹਨ ਇਸ ਪੱਖੋਂ ਗੁਰੂ ਗੋਬਿੰਦ ਸਿੰਘ ਜੀ ਦੇ ਉਪਰੋਕਤ ਖ਼ਿਆਲ ਦੀ ਬਣਤਰ ਬਹੁਤ ਸੁਚੱਜੀ ਹੈ।

ਨਿਰਸੰਦੇਹ ਆਰੰਭ ਵਿਚ ਗੁਰੂ ਗੋਬਿੰਦ ਸਿੰਘ ਜੀ ਨੇ ਵੀ ਖਿਆਲ ਸ਼ੈਲੀ ਵਿਚ ਸ਼ਬਦ ਦੀ ਰਚਨਾ ਕੀਤੀ ਪਰੰਤੂ ਰਾਜਸਥਾਨਾਂ ਜੌਨਪੁਰ, ਰੁਹੇਲ ਖੰਡ ਬੁੰਦੇਲਖੰਡ ਆਦਿ ਇਲਾਕਿਆਂ ਵਿਚ ਖ਼ਿਆਲ ਸ਼ੈਲੀ ਪ੍ਰਚੱਲਤ ਸੀ। ਇਹ ਸ਼ਾਸਤਰੀ ਸੰਗੀਤ ਦਾ ਹਿੱਸਾ ਨਹੀਂ ਸੀ ਸਗੋਂ ਇਸਦਾ ਝੁਕਾਅ ਲੋਕ ਸੰਗੀਤ ਵਲ ਵਧੇਰੇ ਸੀ। ਇਹ ਇਕ ਪ੍ਰਕਾਰ ਦੀ ਗੀਤ ਨਾਟ ਹੁੰਦਾ ਸੀ ਅਤੇ ਗ਼ਜ਼ਲ ਗਾਇਨ ਸ਼ੈਲੀ ਤੋਂ ਪ੍ਰੇਰਤ ਸੀ। ਇਸ ਖ਼ਿਆਲ ਵਿਚ ਗੀਤ ਅਭਿਨੈ, ਅਤੇ ਨ੍ਰਿਤ ਦਾ ਸਮਾਵੇਸ਼ ਹੁੰਦਾ ਸੀ। ਇਹ ਖ਼ਿਆਲ ਲੋਕ ਸੰਗੀਤ ਦੀ ਇਕ ਵਿਧਾ ਸੀ।

ਗੁਰੂ ਗੋਬਿੰਦ ਸਿੰਘ ਜੀ ਦੇ ਸਮੂਚੇ ਜੀਵਨ ਵਿਸ਼ਲੇਸ਼ਨ ਤੋਂ ਉਹਨਾਂ ਦੀ ਕਾਵਿ ਅਤੇ ਸੰਗੀਤ ਨਾਲ ਵਾਬਸਤਾ ਮਹਾਨ ਸ਼ਖਸੀਅਤ ਦ੍ਰਿਸ਼ਟੀਮਾਨ ਹੁੰਦੀ ਹੈ ਸਮੂਚੀ ਭਾਰਤੀ ਸਭਿਅਤਾ ਲਈ ਇਹ ਮਹਾਂ ਪੁਰਸ਼ ਦਾ ਯੋਗਦਾਨ ਗੌਰਵ-ਸ਼ਾਲੀ ਹੈ। ਅਸੀਂ ਆਪਣੇ ਸੀਮਤ ਉਦੇਸ਼ ਅਧੀਨ ਜੇਕਰ ਸੁਤੰਤਰ ਤੌਰ 'ਤੇ ਉਹਨਾਂ ਦਾ ਸੰਗੀਤ ਪ੍ਰਤੀ ਯੋਗਦਾਨ ਵੇਖੀਏ ਤਾਂ ਇਹ ਮੌਲਿਕ ਵਿਲੱਖਣ ਅਤੇ ਵੱਡਮੁੱਲਾ ਹੈ।

ਦਾਤਾਰ ਨਿਰੰਕਾਰ ਤੋਂ ਛੁਟ ਅਰਦਾਸ ਕਿਸੇ ਹੋਰਸ ਅੱਗੇ ਕਰਨੀ ਨਹੀਂ ਬਣਦੀ । ਆਪਣੀ ਅਰਜ਼ ਤਾਂ ਉਸੇ ਅੱਗੇ ਗੁਜ਼ਾਰਨੀ ਵਾਜਬ ਹੈ ਜੋ ਉਸ ਨੂੰ ਪੂਰਿਆਂ ਕਰਨ ਦੇ ਸਮਰਥ ਹੋਵੇ । ਜੋ ਦੇ ਸਕਦਾ ਹੋਵੇ, ਉਸੇ ਨੂੰ ਚਿਤਾਰਨਾ ਬਣਦਾ ਹੈ, ਜੋ ਦੇਂਦਿਆਂ ਕਦੇ ਹੱਥ ਪਿਛੇ ਨਾ ਕਰੇ, ਜਾਂ ਦੇ ਕੇ ਪਛਤਾਵੇ ਕਦੇ ਨਾ । ਐਸਾ ਦਾਤਾ ਤਾਂ ਕੇਵਲ ਇਕੋ ਹੈ । ਇਸ ਲਈ :

**ਹਿਕੁ ਸੇਵੀ ਹਿਕੁ ਸੰਮਲਾ ਹਰਿ ਇਕਸੁ ਪਹਿ ਅਰਦਾਸਿ ।**

-ਜੈਤਸਰੀ ਵਾਰ ਮ: ੫ (700/10)

ਲੋੜਾਂ ਮਾਰੇ ਜੀਆਂ ਦੀਆਂ ਲੋੜਾਂ ਵੱਡੀਆਂ ਤੇ ਨਜ਼ਰਾਂ ਹੋਛੀਆਂ ਹੁੰਦੀਆਂ ਹਨ । ਉਹ ਹੱਥ ਅੱਡਣ ਹੀ ਜਾਣਦੇ ਹਨ; ਇਹ ਨਹੀਂ ਜਾਣਦੇ, ਕਿਸ ਅੱਗੇ ਅੱਡਣਾ ਚਾਹੀਦਾ ਹੈ ।

---

# ਅਰਦਾਸ ਕਿਸ ਅੱਗੇ ?

ਡਾ. ਜਸਵੰਤ ਸਿੰਘ ਨੇਕੀ

---

ਵਾਹਿਗੁਰੂ ਬਾਰੇ ਉਨ੍ਹਾਂ ਸੁਣਿਆਂ ਹੀ ਹੈ, ਉਸ ਨੂੰ ਕਦੇ ਵੇਖਿਆ ਕਦੇ ਨਹੀਂ । ਅਣਦਿਸਦੇ ਅੱਗੇ ਹੱਥ ਅਡਣ ਦਾ ਭਰਵਾਸਾ ਨਹੀਂ ਬੰਨ੍ਹ ਸਕਦੇ । ਦਿਸਦੇ ਦੀ ਟੇਕ ਹੀ ਭਾਲਦੇ ਫਿਰਦੇ ਹਨ ਮਨੁੱਖੀ ਟੇਕ ਹੀ ਢੂੰਡਦੇ ਹਨ । ਪਰ ਜਦੋਂ ਮਾਨੁਖ ਅੱਗੇ ਹੱਥ ਅੱਡ ਬਹਿੰਦੇ ਹਨ ਤਾਂ ਪ੍ਰਤੀਤ ਕਰਦੇ ਹਨ :

**ਜਿਸੁ ਮਾਨੁਖ ਪਹਿ ਕਰਉ ਬੇਨਤੀ ਸੋ ਅਪਨੈ ਦੁਖਿ ਭਰਿਆ ।**

-ਗੂਜਰੀ ਮ: ੫ (497/2)

ਮਨੁੱਖ ਕਿਹੜੇ ਅੱਗੇ ਹੱਥ ਅਡੀਏ ? ਕਿਹੜਾ ਹੈ ਜੋ ਆਪ ਲੋੜਵੰਦ ਨਹੀਂ ? ਕੋਈ ਲੋੜਵੰਦ ਹੈ, ਕੋਈ ਸੂਮ ਹੈ, ਕੋਈ ਦੇ ਕੇ ਪਛਤਾਉਂਦਾ ਹੈ ਕੋਈ ਲੱਜਿਤ ਕਰਦਾ ਹੈ । ਫਿਰ ਇਹਨਾਂ ਕੋਲ ਕਿਉਂ ਮੰਗਣ ਜਾਈਏ ?

ਹਉ ਮਾਗਉ ਆਨ ਲਜਾਵਉ ।
ਸਗਲ ਛਤ੍ਰਪਤਿ ਏਕੋ ਠਾਕੁਰੁ ਕਉਨੁ ਸਮਸਰਿ ਲਾਵਉ ।

-ਆਸਾ ਮ: ੫ (401/7)

ਇਸ ਲਈ ਵਾਜਬ ਤਾਂ ਏਹੋ ਹੈ :

ਦਾਤਾ ਓਹ ਨ ਮੰਗੀਐ ਫਿਰ ਮੰਗਣ ਜਾਈਐ ।
ਹੋਛਾ ਸ਼ਾਹ ਨ ਕੀਚਈ ਫਿਰ ਪਛੋਤਾਈਐ ।

-ਵਾਰਾਂ ਭਾ: ਗੁਰਦਾਸ (21 : 15)

ਮਨੁੱਖ ਦਾ ਆਸਰਾ ਤਾਂ ਨਿਪਟ ਬਿਰਥਾ ਹੈ । ਦਾਤਾ ਕੇਵਲ ਇਕ ਹੈ, ਹੋਰ ਤਾਂ ਸਭ ਮੰਗਣਹਾਰ ਹਨ । ਸ਼ਹਿਨਸ਼ਾਹ ਵੀ ਉਸ ਦੇ ਦਰ ਤੇ ਮੰਗਤੇ ਹਨ । ਇਤਿਹਾਸ ਵਿਚ ਜ਼ਿਕਰ ਆਉਂਦਾ ਹੈ : ਮਹਾਰਾਜਾ ਰਣਜੀਤ ਸਿੰਘ ਜਮਰੌਦ ਦੀ ਜੰਗ ਲਈ ਚੜ੍ਹੇ ਤਾਂ ਰਸਤੇ ਵਿਚ ਮਹਾਂ ਪੁਰਖਾਂ ਦਾ ਡੇਰਾ ਸੀ । ਉਥੇ ਪੁਜੇ ਤਾਂ ਮਹਾਂ ਪੁਰਖਾਂ ਪਾਸ ਸਫਲਤਾ ਅਈ ਅਰਦਾਸ ਦੀ ਬੇਨਤੀ ਕੀਤੀ । ਅਰਦਾਸ ਹੋਈ । ਮਹਾਰਾਜੇ ਨੂੰ ਮੁਹਿੰਮ ਵਿਚ ਕਾਮਯਾਬੀ ਹੋਈ । ਪਰਤਦਿਆਂ ਮਹਾਰਾਜਾ ਫਿਰ ਉਸੇ ਡੇਰੇ ਤੇ ਪੁਜਾ ਤੇ ਮਹਾਂ ਪੁਰਖਾਂ ਨੂੰ ਕਹਿਣ ਲੱਗਾ, ' ਇਸ ਡੇਰੇ ਦੀ ਅਰਦਾਸ ਸਦਕਾ ਮੇਰੀ ਜਿੱਤ ਹੋਈ ਹੈ । ਮੈਂ ਇਸ ਡੇਰੇ ਨੂੰ ਕੁਝ ਦਾਨ ਦੇਣਾ ਚਾਹੁੰਦਾ ਹਾਂ '' ਮਹਾਂ ਪੁਰਖਾਂ ਆਖਿਆ, ''ਮਹਾਰਾਜਾ ! ਤੂੰ ਕੀ ਦੇ ਸਕਦਾ ਹੈਂ ?'' ਬੋਲਿਆ, ' ਜੋ ਵੀ ਤੁਹਾਨੂੰ ਚਾਹੀਦਾ ਹੋਵੇ, ਦੱਸੋ !'' ਮਹਾਂ ਪੁਰਖਾਂ ਹੱਸ ਕੇ ਕਿਹਾ, ''ਜਾਣ ਲਗਿਆ ਤਾਂ ਮਹਾਰਾਜਾ, ਤੂੰ ਏਥੇ ਮੰਗਤਾ ਬਣ ਕੇ ਆਇਆ ਸੈਂ, ਹੁਣ ਪਰਤਦਿਆਂ ਦਾਤਾ ਕਿਵੇਂ ਹੋ ਗਿਐਂ ? ਸ਼ਰਮ ਨਾਲ ਮਹਾਰਾਜੇ ਦੀਆਂ ਅੱਖਾਂ ਝੁਕ ਗਈਆਂ ।

ਏਮਨਾਬਾਦ ਵਿਖੇ ਜਦ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਬਾਬਰ ਨਾਲ ਮੁਲਾਕਾਤ ਹੋਈ ਤਾਂ ਬਾਬਰ ਨੇ ਕਿਹਾ, ''ਮੈਥੋਂ ਜੋ ਚਾਹੋ, ਮੰਗ ਲਉ ।'' ਅੱਗੋਂ ਬਾਬੇ ਨੇ ਕਿਹਾ, ''ਸਾਡੀ ਟੇਕ ਤਾਂ ਇਕ ਅਕਾਲ ਪੁਰਖ ਉਤੇ ਹੈ । ਉਹ ਬਿਨ-ਮੰਗਿਆਂ ਹੀ, ਮੈਨੂੰ ਜੋ ਚਾਹੀਦਾ ਹੈ ਦੇਈ ਜਾਂਦਾ ਹੈ ।'' ਇਕ ਜਨਮ ਸਖੀ ਅਨੁਸਾਰ ਗੁਰੂ ਬਾਬੇ ਨੇ ਕਿਹਾ :

ਕਹਿ ਨਾਨਕ ਸੁਣ ਬਾਬਰ ਮੀਰ ।
ਤੁਝ ਤੇ ਮਾਗੇ ਸੁ ਅਹਿਮਕ ਫ਼ਕੀਰ !

ਜੇਕਰ ਸ਼ਹਿਨਸ਼ਾਹ ਵੀ ਮੰਗਤੇ ਹਨ ਤਾਂ ਮੰਗਣਾ ਕੇਵਲ ਉਸੇ ਮਾਲਕ ਤੋਂ ਬਣਦਾ ਹੈ ਜਿਸ ਪਾਸੋਂ ਸਦਾ ਮਿਲਣ ਦੀ ਆਸ ਹੋਵੇ :

ਮਾਗਉ ਕਾਹਿ ਰੰਕ ਸਭ ਦੇਖਉ ਤੁਮਹੀ ਤੇ ਮੇਰੋ ਨਿਸਤਾਰ ।

-ਬਿਲਾਵਲੁ ਕਬੀਰ (856/17)

ਇਸ ਸੰਸਾਰ ਵਿਚ ਸਭ ਮੰਗਤੇ ਹੀ ਮੰਗਤੇ ਹਨ । ਦਾਤਾ ਤਾਂ ਪ੍ਰਤਿਪਲਣਹਾਰ ਪ੍ਰਭੂ ਇਕੋ ਹੈ, ਜੋ ਹਰੇਕ ਨੂੰ ਆਪਣੇ ਭਾਣੇ ਵਿਚ ਦਾਨ ਕਰੀ ਤੁਰੀ ਜਾਂਦਾ ਹੈ, ਤੇ ਜਿਸ ਦੀਆਂ ਦਾਤਾਂ ਵਿਚ ਤੋਟ, ਨਾ ਕਦੇ ਆਈ ਹੈ, ਨਾ ਕਦੀ ਆਉਣੀ ਹੈ ।

ਸੰਸਾਰਕ ਆਸਰੇ ਸਭ ਚਲਾਇਮਾਨ ਹਨ। ਜਿਸ ਦਾ ਆਪਣਾ ਪਲ ਭਰ ਦਾ ਵਿਸਾਹ ਨਹੀਂ, ਉਸ ਦਾ ਭਰਵਾਸਾ ਕਿਹਾ? ਜਿਸ ਦਾ ਆਪਣਾ ਬਣਿਆ ਰਹਿਣਾ ਹੀ ਸ਼ੱਕੀ ਹੋਵੇ, ਉਸ ਦਾ ਆਸਰਾ ਕੀ ਵੇਖਣਾ?

ਤਾਹੀ ਕੋ ਧਿਆਨ ਪ੍ਰਮਾਨ ਹੀਏ
ਜੋ ਥਾ ਅਬ ਹੈ ਅਰੁ ਆਗੈ ਊ ਹਵੈ ਹੈ।

-ਦਸਮ ਗਰੰਥ : ਤੇਤੀ ਸਵੈਯੇ, ੧੬-੪

ਡਰਾਂ, ਖ਼ਤਰਿਆਂ ਵੇਲੇ ਅਸੀਂ ਸਭ ਵਕ ਹੋਰਨਾਂ ਵਲ ਮਦਦ ਲਈ ਝਾਕਦੇ ਹਾਂ। ਪਰ ਉਹਨਾਂ ਵਲ ਕੀ ਝਾਕਣਾ ਜਿਹੜੇ ਆਪ ਭੈ-ਗ੍ਰਸਤ ਹਨ। ਅਸੀਂ ਰਲ ਮਿਲ ਕੇ ਕਿਸੇ ਨਿਕੇ ਮੋਟੇ ਖ਼ਤਰੇ ਨੂੰ ਭਾਵੇਂ ਟਾਲ ਸਕੀਏ, ਪਰ ਸੱਚ ਮੁੱਚ ਦੇ ਭੈ ਨੂੰ ਨਹੀਂ ਹਟਾ ਸਕਦੇ। ਸੱਚ ਮੁੱਚ ਦਾ ਭਉ ਤਾਂ ਓਹੀ ਮਿਟਾ ਸਕਦਾ ਹੈ ਜੋ ਆਪ ਨਿਰਭਉ ਹੋਵੇ।

ਨਿਰਭਉ ਜਪੈ ਸਗਲ ਭਉ ਮਿਟੈ।
ਪ੍ਰਭ ਕਿਰਪਾ ਤੇ ਪ੍ਰਾਣੀ ਛੁਟੈ।

-ਗਉੜੀ ਮ: ੫ (293/8)

ਦੇਵੀ ਦੇਵਤੇ ਸਾਰੇ ਭੈ-ਗ੍ਰਸਤ ਹਨ। ਇਕ ਦੂਸਰੇ ਤੋਂ ਹੀ ਡਰਦੇ ਫਿਰਦੇ ਹਨ। ਇਕ ਦੂਸਰੇ ਦੀ ਸ਼ਕਤੀ ਤੋਂ, ਇਕ ਦੂਸਰੇ ਦੇ ਸਰਾਪਾਂ ਤੋਂ ਭੈ ਖਾਂਦੇ ਫਿਰਦੇ ਹਨ। ਦੇਵਤਿਆਂ ਦਾ ਰਾਜਾ ਇੰਦਰ ਉਹ ਵੀ ਆਪ ਭੈ ਵਿਚ ਹੈ। ਧਰਮ ਰਾਜਾ ਵੀ, ਸਾਰਾ ਸੰਸਾਰ ਜਿਸ ਦੇ ਨਿਯੰਤ੍ਰਣ ਵਿਚ ਹੈ, ਭੈ ਵਿਚ ਜਿਊਂਦਾ ਹੈ:

ਭੈ ਵਿਚਿ ਇੰਦ੍ਰੁ ਫਿਰੈ ਸਿਰ ਭਾਰਿ।
ਭੈ ਵਿਚਿ ਰਾਜਾ ਧਰਮ ਦੁਆਰੁ।

-ਵਾਰ ਆਸਾ ਮ: ੧ (464/13)

**ਦੇਵੀ ਦੇਵਤੇ ਸਾਡਾ ਭੈ ਕਿਵੇਂ ਦੂਰ ਕਰ ਸਕਦੇ ਹਨ?**

ਇਹ ਸਭ ਤਾਂ ਇਕ ਦੂਜੇ ਤੋਂ ਖੁਣਸ ਵੀ ਖਾਂਦੇ ਹਨ। ਦੇਵੀ ਦੇਵਤੇ ਹੀ ਨਹੀਂ, ਕਈ ਧਰਮਾਂ ਵਿਚ ਰੱਬ ਨੂੰ ਵੀ ਖੁਣਸੀ ਹੀ ਸੰਕਲਪਿਆ ਗਿਆ ਹੈ। ਸਾਮੀ ਧਰਮ ਇਕੀਸ਼ਰਵਾਦੀ ਹਨ, ਪਰ ਆਪਣੇ ਰੱਬ ਨੂੰ ਖੁਣਸੀ ਰੱਬ ਹੀ ਸਥਾਪਿਤ ਕਰਦੇ ਹਨ। ਉਹਨਾਂ ਦੇ ਵਿਸ਼ੇਸ਼ ਰੱਬ ਉਪਰ ਹੀ ਯਕੀਨ ਕਰੋ ਤਾਂ ਹੀ ਤੁਸੀਂ ਬਖ਼ਸ਼ੇ ਜਾਓਗੇ। ਨਹੀਂ, ਤਾਂ ਤੁਹਾਨੂੰ ਕਾਫ਼ਰ ਗਰਦਾਨਿਆਂ ਜਾਵੇਗਾ, ਤੇ ਰੱਬ ਤੁਹਾਡੀ ਰਾਖੀ ਨਹੀਂ ਕਰੇਗਾ। ਸਿਖ ਧਰਮ ਦਾ ਰੱਬ ਤਾਂ ਸੁਧਾ ਪਿਆਰ ਹੈ, ਸਦਾ ਨਿਰਵੈਰ। ਸਭ ਦੀ ਸੰਭਾਲਨਾ ਕਰਦਾ ਹੈ ਪਾਪੀਆਂ, ਪੁੰਨੀਆਂ ਸਭ ਦੀ। ਪਾਪੀਆਂ ਨੂੰ ਤਾਰਨਾ ਤਾਂ ਉਸ ਦਾ ਵਿਸ਼ੇਸ਼ ਸੁਭਾਉ ਹੈ। ਉਸ ਦੀ ਅਮਾਨ ਤਾਂ ਗੁਨਾਹੀਆਂ ਨੂੰ ਵੀ ਹਾਸਲ ਹੈ। ਖਤੇ ਕਰਨ ਵਾਲਿਆਂ ਤੇ ਵੀ ਉਸ ਦੀ ਬਖ਼ਸ਼ਿਸ਼ ਬਰਸਦੀ ਹੈ। ਮਾੜੇ, ਚੰਗੇ ਅਸੀਂ ਸਭ ਉਸ ਦੇ ਬੰਦੇ ਹਾਂ ਉਹ ਸਾਨੂੰ ਆਪਣਾ ਚਿਤਾਰਦਾ ਤੇ ਆਪਣਾ ਜਾਣ ਕੇ ਹੀ ਸੰਭਾਲਦਾ ਹੈ। ਸਾਡੀ ਅਰਦਾਸ ਵੀ ਤਾਂ ਫਿਰ ਉਸੇ ਅੱਗੇ ਬਣਦੀ ਹੈ।

ਸਭ ਕੋ ਤੇਰਾ ਤੂ ਸਭਸੁ ਦਾ ਤੂ ਸਭਨਾ ਰਾਸਿ।
ਸਭਿ ਤੁਧੈ ਪਾਸਹੁ ਮੰਗਦੇ ਨਿਤ ਕਰਿ ਅਰਦਾਸਿ।

-ਵਾਰ ਸਿਰੀ ਰਾਗ ਮ: ੪ (86/4)

ਜਿਸ ਦੀ ਬਖ਼ਸ਼ਿਸ਼ ਸਦਾ ਸਾਡੇ ਉਪਰ ਇਕਸਾਰ ਬਰਸਦੀ ਹੈ; ਜਿਸ ਦੀਆਂ ਦਾਤਾਂ ਸਦਾ ਅਸੀਂ ਭੁੰਚਦੇ ਹਾਂ, ਸ਼ੁਕਰਾਨਾ ਵੀ ਤਾਂ ਉਸੇ ਦਾ ਵਾਜਬ ਹੈ:

ਜਿਸ ਦਾ ਦਿਤਾ ਖਾਵਣਾ ਤਿਸੁ ਕਹੀਐ ਸਾਬਾਸਿ।
ਨਾਨਕ ਹੁਕਮੁ ਨਾ ਚਲਾਈ ਨਾਲਿ ਖਸਮ ਚਲੈ ਅਰਦਾਸਿ।

-ਵਾਰ ਆਸਾ ਮ: ੧ (474/16)

(ਸਿੰਘ ਬ੍ਰਦਰਜ਼, ਅੰਮ੍ਰਿਤਸਰ ਵੱਲੋਂ ਛਪੀ ਪੁਸਤਕ 'ਅਰਦਾਸ' ਵਿਚੋਂ)

ਕਈ ਵਾਰੀ ਮਨ ਵਿਚ ਖਿਆਲ ਆਉਂਦੇ ਹਨ ਕਿ ਉਹ ਸਮੇਂ ਕਿੰਨੇ ਭਾਗਸ਼ਾਲੀ ਹੋਣਗੇ ਜਦੋਂ ਗੁਰੂ ਨਾਨਕ ਸਹਿਬਾਨ ਪਰਤੱਖ ਰੂਪ ਵਿਚ ਸਾਡੇ ਭਰਾਵਾਂ ਦੇ ਰੂਬਰੂ ਹੋਣਗੇ। ਉਹ ਸਮਾਂ ਕਿੰਨਾ ਚੰਗਾ ਹੋਵੇਗਾ ਜਦੋਂ ਸਿੱਖ ਆਪਣੇ ਗੁਰੂ ਸਹਿਬਾਨ ਦੇ ਬਚਨ ਉਨ੍ਹਾਂ ਦੇ ਮੁਖਾਰਬਿੰਦ ਤੋਂ ਸੁਣਿਆ ਕਰਦੇ ਹੋਣਗੇ। ਅਜ ਦੇ ਯੁਗ ਵਿਚ ਵੀ ਜਦੋਂ ਗਿਆਨੀ ਸੰਤ ਸਿੰਘ ਮਸਕੀਨ, ਭਾਈ ਧਰਮ ਸਿੰਘ ਜ਼ਖ਼ਮੀ, ਗਿਆਨੀ ਗੁਰਦੀਪ ਸਿੰਘ (ਮੁਖ ਗਰੰਥੀ ਨਿਊਯਾਰਕ) ਅਤੇ ਗਿਆਨੀ ਮੁਖ਼ਤਿਆਰ ਸਿੰਘ (ਮੁਖ ਗਰੰਥੀ ਗੁਰਦੁਆਰਾ ਬ੍ਰਿਜਵਾਟਰ ਨਿਊਜਰਸੀ) ਆਦਿ ਪਾਸੋਂ ਗੁਰਬਾਣੀ ਦੀ ਵਿਆਖਿਆ ਸੁਣੀਂਦ। ਹੈ ਤਾਂ ਗਦ ਗਦ ਹ ਜਾਈਦਾ ਹੈ। ਪਰ ਜੋ ਸੱਜਣ ਗੁਰੂ ਸਹਿਬਾਨ

## ਧਰੁਪਦ ਸ਼ੈਲੀ ਦੇ ਕੀਰਤਨੀਏ

# ਭਾਈ ਅਵਤਾਰ ਸਿੰਘ ਭਾਈ ਗੁਰਚਰਨ ਸਿੰਘ

ਹਰਜਾਪ ਸਿੰਘ

ਦੇ ਆਪਣੇ ਮੁਖ ਤੋਂ ਬਾਣੀ ਦਾ ਗਾਇਨ ਜਾਂ ਵਿਆਖਿਆ ਸੁਣਦੇ ਹੋਣਗੇ ਉਹ ਸਚਮੁਚ ਭਾਗਵਾਨ ਹੋਣਗੇ। ਅਜ ਅਸੀਂ ਲੋਚਦੇ ਹਾਂ ਕਿ ਜਿਸ ਤਰ੍ਹਾਂ ਗੁਰੂ ਸਾਹਿਬਾਨ ਖ਼ੁਦ ਕੀਰਤਨ ਕਰਦੇ ਹੋਣਗੇ ਜਾਂ ਜਿਸ ਤਰ੍ਹਾਂ ਦੀ ਸ਼ੈਲੀ ਵਿਚ ਉਹਨਾਂ ਦੇ ਸਿੱਖ ਸੇਵਕ ਉਹਨਾਂ ਦੇ ਦਰਬਾਰਾਂ ਵਿਚ ਸ਼ਬਦ ਕੀਰਤਨ ਕਰਿਆ ਕਰਦੇ ਹੋਣਗੇ ਉਸ ਸ਼ੈਲੀ ਦੇ ਗਾਇਨ ਦੀਆਂ ਆਵਾਜ਼ਾਂ ਕਿਤਿਓਂ ਸਾਡੇ ਕੰਨਾਂ ਵਿਚ ਪੈ ਜਾਣ।

ਅਜ ਦੇ ਯੁਗ ਵਿਚ ਜੇ ਕਿਸੇ ਵੀ ਰਾਗੀ ਜਥੇ ਦੀ ਕੀਰਤਨ ਸ਼ੈਲੀ ਗੁਰੂ ਸਾਹਿਬਾਨ ਦੇ ਵਕਤਾਂ ਵਿਚ ਉਹਨਾਂ ਦੇ ਦਰਬਾਰਾਂ ਵਿਚ ਪ੍ਰਚਲਤ ਕੀਰਤਨ ਸ਼ੈਲੀ ਨਾਲ ਮੇਲ ਖਾਂਦੀ ਹੈ ਤਾਂ ਉਹ ਸ਼ੈਲੀ ਹੈ, ਭਾਈ ਅਵਤਾਰ ਸਿੰਘ ਗੁਰਚਰਨ ਸਿੰਘ ਸੁਲਤਾਨਪੁਰ ਲੋਧੀ ਵਾਲਿਆਂ ਦੀ। ਭਾਈ ਸਾਹਿਬ ਦਾ ਆਬਾਈ ਪਿੰਡ ਸੈਦਪੁਰ (ਨਜ਼ਦੀਕ ਠੱਠਾ ਟਿੱਬਾ) ਤਹਿਸੀਲ ਸੁਲਤਾਨਪੁਰ ਲੋਧੀ ਜ਼ਿਲਾ (ਪੁਰਾਣੇ ਵਕਤਾਂ ਵਿਚ ਰਿਆਸਤ) ਕਪੂਰਥਲ ਹੈ। ਭਾਈ ਸਾਹਿਬ ਦੀ ਕੀਰਤਨ ਸ਼ੈਲੀ ਧਰੁਪਦ ਨੁਮਾਂ ਹੈ ਅਤੇ ਇਸ ਦਾ ਗਿਆਨ ਭਾਈ ਸਾਹਿਬ ਨੇ ਉਹਨਾਂ ਪ੍ਰਤੀਭਾਸ਼ਾਲੀ ਪਿਤਾ ਸਵਰਗਵਾਸੀ ਭਾਈ ਸਾਹਿਬ ਭਾਈ ਜਵਾਲਾ ਸਿੰਘ ਜੀ ਪਾਸੋਂ ਪ੍ਰਾਪਤ ਹੋਇਆ।

ਭਾਈ ਜਵਾਲਾ ਸਿੰਘ ਜੀ ਦੇ ਪਰਿਵਾਰ ਵਿਚ ਹੀ ਕੀਰਤਨ ਕਲ ਦੀ ਬੇਅੰਤ ਦਾਤ ਸੀ। ਸੱਤ ਪੁਸ਼ਤਾਂ ਤੋਂ ਆਪ ਦਾ ਪਰਿਵਾਰ ਸ਼ਬਦ ਗਾਇਨ ਕਰਦਾ ਆਇਆ ਸੀ। ਕੋਈ ਵਕਤ ਸੀ ਜਦੋਂ ਸੁਲਤਾਨਪੁਰ ਲੋਧੀ ਬੰਗਾਲ ਤੋਂ ਪੇਸ਼ਾਵਰ ਨੂੰ ਜਾਂਦੀ ਸ਼ੇਰ ਸ਼ਾਹ ਸੂਰੀ ਦੀ ਰਾਹ ਉਤੇ ਕੌਮੀ ਸ਼ਾਹਰਾਹ ਨੂਰਮਹਿਲ ਤੋਂ ਲਾਹੌਰ ਨੂੰ ਜਾਂਦੇ ਹੋਏ ਇਕ ਵੱਡੀ ਛਾਉਣੀ ਦਾ ਸਦਰ ਮੁਕਾਮ ਸੀ। ਉਹਨਾਂ ਦਿਨਾਂ ਵਿਚ ਸੁਲਤਾਨਪੁਰ ਲੋਧੀ ਇਕ ਅਹਿਮ ਸਭਿਆਚਾਰ ਕੇਂਦਰ ਵੀ ਸੀ। ਕਪੂਰਥਲਾ, ਜਲੰਧਰ ਅਤੇ ਸੁਲਤਾਨਪੁਰ ਲੋਧੀ ਸੰਗੀਤ ਦੇ ਵੀ ਵੱਡੇ ਮਰਕਜ਼ ਸਨ। ਪਿੰਡ ਸੈਦਪੁਰ ਦੇ ਇਸ ਪਰਿਵਾਰ ਨੇ ਪੁਰਾਤਨ ਕੀਰਤਨ ਕਲਾ ਜੋ ਗੁਰੂ ਸਹਿਬਾਨ ਦੇ ਵਕਤਾਂ ਤੋਂ ਪ੍ਰਚਲਤ ਸੀ ਨੂੰ ਸੀਨਾ ਬਸੀਨਾ ਪੀੜ੍ਹੀ ਦਰ ਪੀੜ੍ਹੀ ਸਾਂਭ ਕੇ ਰਖਿਆ। ਜਦੋਂ ਅੰਗਰੇਜ਼ ਦੇ ਵਕਤ ਵਿਚ ਜਰਨੈਲੀ ਸੜਕ ਜਲੰਧਰ ਤੋਂ ਬਿਆਸ ਵਿਚ ਦੀ ਲੰਘਦੀ ਅੰਮ੍ਰਿਤਸਰ ਅਤੇ ਲਾਹੌਰ ਤੱਕ ਦੀ ਬਣਾਈ ਗਈ ਉਸ ਸਮੇਂ ਸੁਲਤਾਨ ਇਕ ਪਾਸੇ ਰਹਿ ਗਿਆ। ਕਈ ਵਾਰੀ ਸ਼ੋਰ ਸ਼ਰਾਬੇ ਤੋਂ ਦੂਰ ਰਹਿਣਾ ਵੀ ਚੰਗਾ ਹੀ ਹੁੰਦਾ ਹੈ। ਅੰਮ੍ਰਿਤਸਰ ਅਤੇ ਲਾਹੌਰ ਵਿਚ ਸੰਗੀਤ ਵਿਚ ਵੀ ਬੜੀਆਂ ਅਹਿਮ ਤਬਦੀਲੀਆਂ ਪਿਛਲੇ ਡੇਢ ਸੌ ਸਾਲਾਂ ਦੇ ਅੰਦਰ ਆਈਆਂ ਹਨ। ਧਰੁਪਦ ਸ਼ੈਲੀ ਤਕ-ਰੀਬਨ ਮਰ ਹੀ ਚੁਕੀ ਏ। ਪਰ ਸੁਲਤਾਨਪੁਰ ਲੋਧੀ ਦੇ ਵੱਡੀ ਸ਼ਾਹਪੁਰ ਤੋਂ ਦੂਰ ਹੋ ਜਾਣ ਕਾਰਨ ਭਾਈ ਜਵਾਲਾ ਸਿੰਘ ਹੋਰਾਂ ਦੇ ਪਰਿਵਾਰ ਦੀ ਕੀਰਤਨ ਕਲਾ ਤੇ ਕੋਈ ਅਸਰ ਅੰਦਾਜ਼ ਨਹੀਂ ਹੋ ਸਕਿਆ ਪਰ ਭਾਈ ਜਵਾਲਾ ਸਿੰਘ ਜੀ ਨੇ ਹੋਰ ਵੀ ਸੰਗੀਤਕ ਵਿਦਿਆ ਅੰਮ੍ਰਿਤਸਰ ਅਤੇ ਤਰਨਤਾਰਨ ਦੇ ਉਸਤਾਦਾਂ ਕੋਲੋਂ ਪ੍ਰਾਪਤ ਕਰ ਲਈ।

ਜੋ ਵੀ ਸ਼ਖ਼ਸ ਰਾਗ ਉੱਪਰ ਮੇਹਨਤ ਕਰਨ ਦੇ ਸਮ-ਰੱਥ ਹੈ ਉਹ ਰਾਗ ਸਿੱਖ ਸਕਦਾ ਹੈ। ਪਰ ਰਾਗ ਦੀ ਅਦਾਇਗੀ ਵਾਸਤੇ ਗਲੇ ਦੀ ਮਿਠਾਸ ਅਤੇ ਲਚਕ ਦੀ ਬੜੀ ਜ਼ਰੂਰਤ ਹੈ। ਹਰ ਕਿਸੇ ਦੀ ਆਵਾਜ਼ ਪ੍ਰਭਾਵਸ਼ਾਲੀ ਅਤੇ ਆਕਰਸ਼ਕ ਨਹੀਂ ਹੋ ਸਕਦੀ। ਹਰ ਕੋਈ ਕੇ. ਐਲ. ਸਹਿਗਲ, ਤਲਤ ਮਹਿਮੂਦ ਅਤੇ ਮੁਹੰਮਦ ਰਫ਼ੀ ਨਹੀਂ ਬਣ ਸਕਦਾ। ਪਰ ਭਾਈ ਜਵਾਲਾ ਸਿੰਘ ਜੀ ਉਪਰ ਗੁਰੂ ਦੀ ਅਪਾਰ ਬਖ਼-ਸ਼ਿਸ਼ ਸੀ। ਉਹਨਾਂ ਦੀ ਆਵਾਜ਼ ਵਿਚ ਇਕ ਅਜੀਬ-ਓ-ਗ਼ਰੀਬ ਲਰਜ਼ਤ ਸੀ ਜੋ ਮਹਿਜ਼ ਉਹਨਾਂ ਦੀ ਹੀ ਖ਼ਾਸੀਅਤ

ਸੀ। ਇਸ ਲਾਜਵਾਬ ਆਵਾਜ਼ ਕਾਰਨ ਭਾਈ ਜਵਾਲਾ ਸਿੰਘ ਦੇ ਸੰਗੀਤ ਵਿਚ ਇਕ ਅਜਿਹਾ ਨਿਵੇਕਲਾ ਪਨ ਸੀ ਜੋ ਉਹਨਾਂ ਨੂੰ ਹੋਰ ਰਾਗੀ ਸਿੰਘਾਂ ਨਾਲੋਂ ਪੂਰੀ ਤਰ੍ਹਾਂ ਨਿਖੇੜਦਾ ਸੀ। ਬਾਕੀ ਰਹਿ ਗਈ ਗੱਲ ਮੇਹਨਤ ਦੀ। ਭਾਈ ਜਵਾਲਾ ਸਿੰਘ ਜੀ ਨੇ ਘੰਟਿਆਂ ਬੱਧੀ ਰਿਆਜ਼ ਵੀ ਕੀਤਾ, ਜਿਸ ਕਾਰਨ ਉਹਨਾਂ ਦੀ ਆਵਾਜ਼ ਵਿਚ ਇਕ ਅਦਭੁਤ ਅਦਬ ਸਮਾ ਗਿਆ। ਇਹ ਉਸੇ ਹੀ ਸ਼੍ਰੇਣੀ ਦਾ ਅਦਬ ੀ ਜਿਸ ਸ਼੍ਰੇਣੀ ਦਾ ਅਦਬ ਤੋਂ ਖਾਂ ਸਾਹਿਬ ਅਬਦੁਲ ਕਰੀਮ ਖਾਂਹ, ਖਾਂ ਸਾਹਿਬ ਫ਼ਈਅਜ਼ ਖਾਂ ਅਤੇ ਖਾਂ ਸਾਹਿਬ ਬੜੇ ਗ਼ੁਲਾਮ ਅਲੀ ਖਾਂ ਮਾਲਾਮਾਲ ਸਨ। ਔਖੀਆਂ ਤੋਂ ਔਖੀਆਂ ਬੰਦਸ਼ਾਂ ਭਾਈ ਜਵਾਲਾ ਸਿੰਘ ਜੀ ਆਸਾਨੀ ਨਾਲ ਅਦਾ ਕਰ ਲੈਂਦੇ ਸਨ।

ਭਾਈ ਗੁਰਚਰਨ ਸਿੰਘ ਹੋਰਾਂ ਦਾ ਜਨਮ ਤਕਰੀਬਨ ਪਹਿਲੀ ਜੰਗ ਦੇ ਸ਼ੁਰੂ ਹੋਣ ਦੇ ਵਕਤ ਹੋਇਆ। ਜਿਸ ਸਮੇਂ ਸਿੰਘ ਸਭਾ ਲਹਿਰ ਪੂਰੇ ਜ਼ੋਰ ਤੇ ਸੀ ਅਤੇ ਗੁਰਦਵਾਰਿਆਂ ਦਾ ਪ੍ਰਬੰਧ ਮਹੰਤਾਂ ਕੋਲੋਂ ਪ੍ਰਾਪਤ ਕਰਨ ਵਾਸਤੇ ਸਿੱਖ ਸੰਗਤਾਂ ਜੈਤੋ ਅਤੇ ਹੋਰ ਮੋਰਚਿਆਂ ਵਿਚ ਰੁਝੀਆਂ ਹੋਈਆਂ ਸਨ, ਉਸੇ ਹੀ ਸਮੇਂ ਭਾਈ ਜਵਾਲਾ ਸਿੰਘ ਜੀ ਦੀ ਕੀਰਤਨ ਕਲਾ ਵੀ ਆਪਣੀ ਪ੍ਰਤਿਭਾ ਦੇ ਅਰੂਜ਼ ਤੇ ਸੀ। ਭਾਈ ਗੁਰਚਰਨ ਸਿੰਘ ਜੀ ਅਜੇ ਅੱਠ ਨੌਂ ਸਾਲਾਂ ਦੇ ਸਨ ਅਤੇ ਪਿੰਡ ਦੇ ਸਕੂਲ ਵਿਚ ਪੜ੍ਹਦੇ ਸਨ ਕਿ ਪਿਤਾ ਜੀ ਨੇ ਭਾਈ ਸਾਹਿਬ ਨੂੰ ਗੁਰਬਾਣੀ ਕੰਠ ਕਰਨ ਅਤੇ ਰਾਗ ਵਿਦਿਆ ਗ੍ਰਹਿਣ ਕਰਨ ਵਾਸਤੇ ਪ੍ਰੇਰਨਾ ਸ਼ੁਰੂ ਕਰ ਦਿਤਾ। ਭਾਈ ਗੁਰਚਰਨ ਸਿੰਘ ਬੜੇ ਜ਼ਹੀਨ ਹਨ। ਔਖੀ ਤੋਂ ਔਖੀ ਰਾਗ ਵਿਦਿਆ ਉਹਨਾਂ ਦੇ ਦਿਮਾਗ ਨੇ ਆਸਾਨ ਸਮਝ ਕੇ ਗ੍ਰਹਿਣ ਕੀਤੀ। ਨੌਂ ਸਾਲ ਦੀ ਛੋਟੀ ਉਮਰ ਵਿਚ ਹੀ ਤਬਲੇ ਤੇ ਭਾਈ ਗੁਰਚਰਨ ਸਿੰਘ ਸ਼ਬਦ ਕੀਰਤਨ ਵਿਚ ਵਰਤੀਆਂ ਜਾਂਦੀਆਂ ਸਾਰੀਆਂ ਹੀ ਤਾਲਾਂ ਤਲਬੇ ਤੇ ਵਜਾਉਣ ਯੋਗ ਹੋ ਗਏ ਸਨ। ਪਿਤਾ ਜੀ ਭਾਈ ਗੁਰਚਰਨ ਸਿੰਘ ਹੋਰਾਂ ਨੂੰ ਨੌਂ ਸਾਲ ਦੀ ਉਮਰ ਤੋਂ ਹੀ ਆਪਣੇ ਜਥੇ ਵਿਚ ਸ਼ਾਮਲ ਕਰ ਚੁਕੇ ਸਨ ਅਤੇ ਭਾਈ ਗੁਰਚਰਨ ਸਿੰਘ ਤਬਲਾ ਵਾਦਨ ਕਰਦੇ ਸਨ। ਤਬਲੇ ਤੋਂ ਇਲਾਵਾ ਤਾਊਸ ਅਤੇ ਸਾਰੰਦਾ ਵਜਾਉਣ ਦੀ ਤਰਬੀਅਤ ਵੀ ਭਾਈ ਜਵਾਲਾ ਸਿੰਘ ਜੀ ਨੇ ਭਾਈ ਗੁਰਚਰਨ ਸਿੰਘ ਹੋਰਾਂ ਨੂੰ ਹਾਵੀ ਹੋਣਾ ਹੀ ਪੈਂਦਾ ਹੈ। ਜਿੰਨਾ ਚਿਰ ਰਾਗ ਤੁਹਾਡੇ ਦਿਮਾਗ ਵਿਚ ਪੂਰੀ ਤਰ੍ਹਾਂ ਧਸ ਨਾ ਚੁਕਿਆ ਹੋਵੇ ਉਨੀ ਦੇਰ ਤਾਈਂ ਸਾਜ਼ ਵਜਾਉਣਾ ਬੇਰਸ ਅਤੇ ਬੇਸੁਰਾ ਹੈ। ਭਾਈ ਗੁਰਚਰਨ ਸਿੰਘ ਰਾਗ ਗਾਉਣ ਤੇ ਵੀ ਓਨੀ ਹੀ ਮੇਹਨਤ ਕਰਦੇ ਸਨ ਜਿੰਨੀ ਤਾਊਸ, ਤਬਲਾ ਜਾਂ ਸਾਰੰਦਾ ਵਜਾਉਣ ਤੇ ਕਰਦੇ ਸਨ। ਭਾਈ ਜਵਾਲਾ ਸਿੰਘ ਸ਼ਾਸਤਰੀਆ ਸੰਗੀਤ ਦਾ ਖ਼ਜ਼ਾਨਾ ਸਨ ਅਤੇ ਇਹ ਖ਼ਜ਼ਾਨਾ ਸੀਨਾ ਬਸੀਨਾ ਭਾਈ ਗੁਰਚਰਨ ਸਿੰਘ ਜੀ ਆਪਣੇ ਪਿਤਾ ਪਾਸੋਂ ਗ੍ਰਹਿਣ ਕਰ ਰਹੇ ਸਨ। ਤਕਰੀਬਨ 20 ਕੁ ਸਾਲ ਦੀ ਉਮਰ ਤੱਕ ਭਾਈ ਗੁਰਚਰਨ ਸਿੰਘ ਹੋਰਾਂ ਨੇ ਸਾਹਿਬ ਸ੍ਰੀ ਗੁਰੂ ਗਰੰਥ ਸਾਹਿਬ ਜੀ ਮਹਾਰਾਜ ਵਿਚ ਨਿਰਧਾਰਨ ਇਕੱਤੀ ਦੇ ਇਕੱਤੀ ਰਾਗਾਂ ਦੇ ਵਿਆਕਰਣ ਤੇ ਮੁਹਾਰਤ ਹਾਸਿਲ ਕਰ ਲਈ ਸੀ। ਭਾਈ ਜਵਾਲਾ ਸਿੰਘ ਕੋਲ ਇਕੱਤੀ ਰਾਗਾਂ ਵਿਚੋਂ ਤਕਰੀਬਨ ਪੰਜ ਸੋ ਤੋਂ ਵਧ ਰੀਤਾਂ ਦਾ ਖ਼ਜ਼ਾਨਾ ਸੀ ਜੋ ਸਮੁਚੇ ਰੂਪ ਵਿਚ ਭਾਈ ਗੁਰਚਰਨ ਸਿੰਘ ਜੀ ਦੀ ਝੋਲੀ ਵਿਚ ਪੈ ਚੁਕਾ ਸੀ। ਰਿਆਜ਼ ਵਿਚ ਭਾਈ ਜਵਾਲਾ ਸਿੰਘ ਜੀ ਵੀ ਬੜੇ ਪਰਪੱਕ ਸਨ ਅਤੇ ਭਾਈ ਗੁਰਚਰਨ ਸਿੰਘ ਜੀ ਵੀ ਘੱਟ ਨਹੀਂ ਸਨ।

ਭਾਈ ਜਵਾਲਾ ਸਿੰਘ ਜੀ ਤੜਕੇ ਤਿੰਨ ਵਜੇ ਉਠਣ ਵਾਲੇ ਮਹਾਪੁਰਸ਼ ਸਨ। ਇਸ਼ਨਾਨ ਸੋਧ ਕੇ ਭਾਈ ਸਾਹਿਬ ਨਿਤਨੇਮ ਕਰਿਆ ਕਰਦੇ ਸਨ। ਜਾਂ ਤਾਂ ਭਾਈ ਜਵਾਲਾ ਸਿੰਘ ਕਿਸੇ ਨਾ ਕਿਸੇ ਗੁਰੂ ਘਰ ਵਿਚ ਆਸਾ ਦੀ ਵਾਰ ਦਾ ਅੰਮ੍ਰਿਤ ਵੇਲੇ ਕੀਰਤਨ ਕਰਿਆ ਕਰਦੇ ਸਨ ਜਾਂ ਜੇ ਕਿਤੇ ਸੇਵਾ ਨਾ ਕਰਦੇ ਹੋਣ ਦੀ ਸੂਰਤ ਵਿਚ ਘਰ ਵਿਚ ਹੀ ਤੇਤੀ ਸਾਜ਼ਾਂ ਦੀ ਸੰਗੀਤ ਵਿਚ ਰਾਗ ਵਿਦਿਆ ਦਾ ਰਿਆਜ ਕੀਤਾ ਕਰਦੇ ਸਨ। ਅਜਿਹੇ ਰਿਆਜ਼ ਸਮੇਂ ਭਾਈ ਗੁਰਚਰਨ ਸਿੰਘ ਹੋਰਾਂ ਨੂੰ ਭਾਈ ਜਵਾਲਾ ਸਿੰਘ ਜੀ ਆਪਣੇ ਕੋਲ ਬਠਾ ਲੈਂਦੇ ਸਨ ਅਤੇ ਰਿਆਜ਼ ਵਿਚ ਭਾਈ ਗੁਰਚਰਨ ਸਿੰਘ ਹੋਰਾਂ ਨੂੰ ਵੀ ਸ਼ਰੀਕ ਕਰ ਲੈਂਦੇ ਸਨ। ਇਸ ਤਰ੍ਹਾਂ ਸ਼ਾਸਤਰੀਆ ਸੰਗੀਤ ਦੀ ਭਾਈ ਗੁਰਚਰਨ ਸਿੰਘ ਹੋਰਾਂ ਦੀ ਬੁਨਿਆਦ ਮੂਲੋਂ ਪੱਕੀ ਹੋ ਗਈ। ਇਹ ਰਿਆਜ਼ ਭਾਈ ਸਾਹਿਬ ਦੇ ਅਜੇ ਤਕ ਕੰਮ ਆ ਰਿਹਾ ਹੈ। ਭਾਈ ਜਵਾਲਾ ਜੀ ਵੇਹਲੇ ਨਹੀਂ ਸਨ ਬੈਠਦੇ। ਜਦੋਂ ਵੀ ਸਮਾਂ ਮਿਲੇ ਉਹ ਜਾਂ ਤਾਂ ਸਾਜ਼ ਵਜਾਉਣ ਵਿਚ ਰੁਝ ਜਾਂਦੇ ਸਨ ਜਾਂ ਫੇਰ ਆਵਾਜ਼ ਦਾ ਰਿਆਜ਼ ਕਰਦੇ ਸਨ। ਭਾਈ ਜਵਾਲਾ ਸਿੰਘ ਪੈਂਡਾਂ ਵੀ ਬਹੁਤ ਕਰਦੇ ਸਨ। ਇਹ ਪੈਂਡਾਂ ਉਹ ਪੈਦਲ ਚੱਲਕੇ ਜਾਂ ਸਾਇਕਲਾਂ ਤੇ ਕੀਤਾ ਕਰਦੇ ਸਨ। ਛੋਟੀ ਉਮਰੇ ਭਾਈ ਗੁਰਚਰਨ ਸਿੰਘ ਹੋਰਾਂ ਨੂੰ ਵੀ ਲੰਬੇ ਲੰਬੇ ਪੈਂਡਿਆਂ ਤੇ ਨਿਕਲਣਾ ਪੈਂਦਾ ਸੀ। ਇਸ ਨਾਲ ਸਰੀਰ ਰਿਸ਼ਟ-ਪੁਸ਼ਟ ਰਹਿੰਦਾ ਸੀ।

ਬਰਸਾਤਾਂ ਤੋਂ ਬਿਨਾਂ ਬਾਕੀ ਦਾ ਸਾਰਾ ਹੀ ਸਾਲ ਦਰਿਆ ਬਿਆਸ ਵਿਚ ਬਹੁਤਾ ਪਾਣੀ ਨਹੀਂ ਸੀ ਹੋਇਆ

ਕਰਦਾ । ਇਸ ਸੁਕੇ ਹੋਏ ਦਰਿਆ ਨੂੰ ਕਈ ਥਾਵਾਂ ਤੋਂ ਭਾਈ ਜਵਾਲਾ ਸਿੰਘ ਜੀ ਨੇ ਵਾਰ ਵਾਰ ਪਾਰ ਕੀਤਾ । ਆਪ ਰਹਿੰਦੇ ਸੈਦਪੁਰ ਸਨ, ਪਰ ਪਰਚਾਰ ਕਰਨ ਹਿਤ ਆਪ ਅੰਮ੍ਰਿਤਸਰ ਜ਼ਿਲੇ ਦੇ ਪੇਂਡੂ ਇਲਾਕੇ ਵਿਚ ਆਮ ਹੀ ਜਾਇਆ ਕਰਦੇ ਸਨ । ਇਹ ਪੈਂਡਾ ਆਮ ਪੈਦਲ ਜਾਂ ਸਾਇਕਲਾਂ ਤੇ ਕਰਦੇ ਸਨ । ਜਦੋਂ ਪੰਜਾਬ ਵਿਚ ਸਿੰਘ ਸਭਾ ਲਹਿਰ ਜ਼ੋਰਾਂ ਤੇ ਸੀ ਉਸ ਵਕਤ ਸਿੰਘ ਸਭਾ ਦਾ ਪ੍ਰਚਾਰ ਕਰਨ ਵਿਚ ਭਾਈ ਜਵਾਲਾ ਸਿੰਘ ਮੋਹਰੀ ਸਨ । ਇਸ ਲਹਿਰ ਦੌਰਾਨ ਲੱਖਾਂ ਸਿੱਖਾਂ ਨੇ ਅੰਮ੍ਰਿਤ ਪਾਨ ਕੀਤਾ ਅਤੇ ਅਨੇਕਾਂ ਸਮਾਜਿਕ ਕੁਰੀਤੀਆਂ ਤੋਂ ਨਜਾਤ ਪਾਈ । ਇਸ ਸਾਹਸੀ ਉਪਰਾਲੇ ਵਿਚ ਭਾਈ ਜਵਾਲਾ ਸਿੰਘ ਪੇਸ਼ ਸਨ ।

ਭਾਈ ਜਵਾਲਾ ਸਿੰਘ ਜੀ ਨੇ ਉਮਰ ਭਰ ਕਦੀ ਵੀ ਕਿਸੇ ਸੰਸਥਾ ਦੀ ਬਤੌਰ ਹਜ਼ੂਰੀ ਰਾਗੀ ਸੇਵਾ ਨਹੀਂ ਕੀਤੀ । ਉਹ ਆਜ਼ਾਦ ਤਬੀਅਤ ਦੇ ਮਾਲਿਕ ਸਨ । ਪਰ ਜਿਸ ਕਿਸੇ ਵੀ ਇਤਿਹਾਸਕ ਗੁਰਦੁਆਰਾ ਵਿਖੇ ਭਾਈ ਸਾਹਿਬ ਦਰਸ਼ਨ ਨੂੰ ਗਏ ਉਸੇ ਹੀ ਗੁਰੂਘਰ ਦੀ ਪ੍ਰਬੰਧਕ ਕਮੇਟੀ ਨੇ ਭਾਈ ਸਾਹਿਬ ਨੂੰ ਉਚੇਚੇ ਤੌਰ ਤੇ ਕੀਰਤਨ ਦੀ ਸੇਵਾ ਕਰਨ ਵਾਸਤੇ ਬੇਨਤੀ ਜ਼ਰੂਰ ਕੀਤੀ । ਅਜਿਹੀ ਬੇਨਤੀ ਨੂੰ ਭਾਈ ਸਾਹਿਬ ਨੇ ਗੁਰੂ ਦਾ ਹੁਕਮ ਮੰਨ ਕੇ ਪ੍ਰਵਾਨ ਕੀਤਾ । ਸ੍ਰੀ ਪੰਜਾ ਸਾਹਿਬ ਹਸਨ ਅਬਦਾਲ ਤੋਂ ਲੈਕੇ ਤਖ਼ਤ ਸ੍ਰੀ ਹਰਿਮੰਦਰ ਸਾਹਿਬ ਪਟਨਾ ਸਾਹਿਬ ਤੱਕ ਹਰ ਇਕ ਇਤਿਹਾਸਕ ਗੁਰਦੁਵਾਰਾ ਸਾਹਿਬ ਵਿਖੇ ਭਾਈ ਜਵਾਲਾ ਸਿੰਘ ਜੀ ਨੇ ਕੀਰਤਨ ਦੀ ਚੌਂਕੀ ਭਰੀ । ਭਾਈ ਗੁਰਚਰਨ ਸਿੰਘ ਬਾਲ ਅਵਸਥਾ ਵਿਚ ਵੀ ਆਪਣੇ ਪਿਤਾ ਦੇ ਨਾਲ ਹੀ ਹੋਇਆ ਕਰਦੇ ਸਨ । ਪਿਤਾ ਪੁੱਤਰ ਦਾ ਆਪਸ ਵਿਚ ਪਿਆਰ ਵੀ ਬੜਾ ਸੀ ।

ਭਾਈ ਗੁਰਚਰਨ ਸਿੰਘ ਤਕਰੀਬਨ 10 ਵਰ੍ਹਿਆ ਦੇ ਜਦੋਂ ਭਾਈ ਅਵਤਾਰ ਸਿੰਘ ਹੋਰਾਂ ਦਾ ਜਨਮ ਹੋਇਆ । ਹੋਣਹਾਰ ਬਿਰਵਾ ਕੇ ਚਿਕਨੇ ਚਿਕਨੇ ਪਾਤ । ਭਾਈ ਅਵਤਾਰ ਸਿੰਘ ਹੋਰਾਂ ਦੀ ਆਵਾਜ਼ ਵਿਚ ਵੀ ਭਾਈ ਜਵਾਲਾ ਸਿੰਘ ਜੀ ਦੀ ਆਵਾਜ਼ ਨਾਲ ਮਿਲਦੀ ਜੁਲਦੀ ਲਰਜ਼ਤ ਸੀ । ਭਾਈ ਅਵਤਾਰ ਸਿੰਘ ਹੋਰਾਂ ਦੀਆਂ ਆਵਾਜ਼ ਦੀਆਂ ਵਿਸ਼ੇਸ਼ਤਾਈਆਂ ਨੂੰ ਭਾਈ ਜਵਾਲਾ ਸਿੰਘ ਜੀ ਨੇ ਚੰਗੀ ਤਰ੍ਹਾਂ ਪਛਾਣਿਆਂ, ਅਤੇ ਉਹਨਾਂ ਨੂੰ ਵੀ ਅੱਠ ਨੌ ਸਾਲ ਦੀ ਉਮਰ ਤੋਂ ਹੀ ਵਦਿਆ-ਵਾਦਨ ਅਤੇ ਗਾਇਕੀ ਦੀ ਤਰਬੀਅਤ ਦੇਣੀ ਸ਼ੁਰੂ ਕਰ ਦਿਤੀ। ਨਾਲੋ-ਨਾਲ ਗੁਰਬਾਣੀ ਵੀ ਕੰਠ ਕਰਾਉਣੀ ਸ਼ੁਰੂ ਕਰ ਦਿਤੀ। ਭਾਈ ਅਵਤਾਰ ਸਿੰਘ ਹੋਰਾਂ ਨੇ ਬੜੀ ਜਲਦੀ ਜਲਦੀ ਗੁਰ-ਮਤਿ ਸੰਗੀਤ ਗ੍ਰਹਿਣ ਕਰਨਾ ਸ਼ੁਰੂ ਕਰ ਦਿਤਾ ।

1935 ਦੇ ਆਸ ਪਾਸ ਭਾਈ ਜਵਾਲਾ ਸਿੰਘ ਜੀ ਦੇ ਬਹੁ ਰੁਕਨ ਜਥੇ ਵਿੱਚ ਭਾਈ ਅਵਤਾਰ ਸਿੰਘ ਅਤੇ ਭਾਈ ਗੁਰਚਰਨ ਸਿੰਘ ਪੂਰੀ ਤਰ੍ਹਾਂ ਸ਼ਾਮਿਲ ਹੋ ਚੁੱਕੇ ਸਨ । ਭਾਈ ਅਵਤਾਰ ਸਿੰਘ ਹੋਰੀਂ ਵੀ ਤਬਲਾ, ਸਾਰੰਦਾ ਅਤੇ ਤਾਊਸ ਵਜਾਉਣ ਵਿੱਚ ਮਾਹਰ ਹੋ ਗਏ ਸਨ । ਗੁਰਮਤਿ ਸੰਗੀਤ ਵਿੱਚ ਇਸਤੇਮਾਲ ਕੀਤੀਆਂ ਜਾਂਦੀਆਂ ਔਖੀਆਂ ਔਖੀਆਂ ਤਾਲਾਂ ਭਾਈ ਅਵਤਾਰ ਸਿੰਘ ਤਬਲੇ ਤੇ ਕੱਢ ਚੁੱਕੇ ਸਨ । ਇਹ ਜਥਾ ਤਕਰੀਬਨ 15 ਸਾਲ ਇਕੱਠਿਆਂ ਕੀਰਤਨ ਕਰਦਾ ਰਿਹਾ । 1940 ਦੇ ਦਹਾਕੇ ਦੌਰਾਨ ਭਾਈ ਸੰਤਾ ਸਿੰਘ ਹਜ਼ੂਰੀ ਰਾਗੀ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਅਤੇ ਬੁੱਧ ਸਿੰਘ ਤਾਨ ਦਵਾਰਾ ਗਏ ਸ਼ਬਦ ਕੀਰਤਨ ਦੇ ਰਿਕਾਰਡ ਬਾਜ਼ਾਰ ਵਿੱਚ ਉਪਲਬਧ ਸਨ । ਪਰ ਭਾਈ ਜਵਾਲਾ ਸਿੰਘ ਜੀ ਨੇ ਆਪਣਾ ਕੋਈ ਰਿਕਾਰਡ ਨਹੀਂ ਬਣਵਾਇਆ । ਕਿਉਂ ਨਹੀਂ ਬਣਵਾਇਆ ? ਇਸ ਦਾ ਕਾਰਨ ਅਜੇ ਤਾਈਂ ਪਤਾ ਨਹੀਂ ਲੱਗ ਸਕਿਆ । ਹੋਰ ਵੀ ਅਨੇਕਾਂ ਉੱਚ ਕੋਟੀ ਦੇ ਰਾਗੀਆਂ ਦੇ ਰਿਕਾਰਡ ਨਹੀਂ ਬਣੇ ।

1940 ਤੱਕ ਭਾਈ ਜਵਾਲਾ ਸਿੰਘ ਜੀ ਦੇ ਜ਼ਹਿਨ ਵਿੱਚ ਮਹਿਫੂਜ਼ ਗੁਰਮਤਿ ਸੰਗੀਤ ਦੀਆਂ 500 ਤੋਂ ਵੱਧ ਰੀਤਾਂ ਜੋ ਕਦੀਮੀ ਵਕਤਾਂ ਤੋਂ ਸੀਨਾ ਬਸੀਨਾ ਪਿਤਾ ਪੁਰਖੀ ਰੂਪ ਵਿੱਚ ਜ਼ਿੰਦ ਤੇ ਪਾਇੰਦਾ ਸਨ ਉਹਨਾਂ ਦੇ ਬਾਲਾਂ ਭਾਈ ਗੁਰਚਰਨ ਸਿੰਘ ਅਤੇ ਭਾਈ ਅਵਤਾਰ ਸਿੰਘ ਦੇ ਜ਼ਹਿਨਾ ਦਾ ਸ਼ਿੰਗਾਰ ਬਣ ਚੁੱਕੀਆਂ ਸਨ । ਇਹ ਰੀਤਾਂ ਅਜੇ ਤੱਕ ਭਾਈ ਸਾਹਿਬ ਦੀ ਜ਼ਾਤੀ ਦਾ ਵਡਮੁੱਲਾ ਸਰਮਾਇਆ ਹਨ । ਇਹੋ ਹੀ ਰੀਤਾਂ ਦਾ ਖ਼ਜ਼ਾਨਾ ਭਾਈ ਅਵਤਾਰ ਸਿੰਘ ਅਤੇ ਗੁਰਚਰਨ ਸਿੰਘ ਹੋਰਾਂ ਨੂੰ ਹੋਰ ਰਾਗੀ ਸਿੰਘਾਂ ਕੋਲੋਂ ਨਿਖੇੜਦਾ ਹੈ । ਇਹਨਾਂ ਰੀਤਾਂ ਦੇ ਕਾਰਨ ਹੀ ਭਾਈ ਸਾਹਿਬ ਦਾ ਸੰਗੀਤ ਜਗਤ ਵਿੱਚ ਅਥਾਹ ਸਤਿਕਾਰ ਹੈ ਸੰਗਤਾਂ ਵੀ ਭਾਈ ਸਾਹਿਬ ਨੂੰ ਬੇਤਹਾਸ਼ਾ ਸਤਿਕਾਰ ਪ੍ਰਦਾਨ ਕਰਦੀਆਂ ਹਨ ।

ਆਕਾਸ਼ਬਾਣੀ ਜਲੰਧਰ 1948 ਦੇ ਅੰਤ ਵਿੱਚ ਅਤੇ ਆਕਾਸ਼ਵਾਣੀ ਅੰਮ੍ਰਿਤਸਰ 1949 ਦੇ ਸ਼ੁਰੂ ਵਿੱਚ ਵਜੂਦ ਆਏ ਸਨ । ਜਲੰਧਰ ਅੰਮ੍ਰਿਤਸਰ ਦੇ ਨਵੇਂ ਕਲਾਕਾਰਾਂ ਵਿੱਚ ਭਾਈ ਅਮਰੀਕ ਸਿੰਘ ਜੀ ਅੰਮ੍ਰਿਤਸਰ ਵਾਲੇ ਅਤੇ ਭਾਈ ਅਵਤਾਰ ਸਿੰਘ ਗੁਰਚਰਨ ਸਿੰਘ ਸੁਲਤਾਨਪੁਰ ਲੋਧੀ ਵਾਲੇ ਸ਼ਾਮਿਲ ਹੋ ਗਏ । ਭਾਈ ਜਵਾਲਾ ਸਿੰਘ ਜੀ ਆਪਣੀ ਤਮਾਮ ਦੁਰਲੱਭ ਗੁਰਮਤਿ ਸੰਗੀਤਰ ਵਿਦਿਆ ਭਾਈ ਅਵਤਾਰ ਸਿੰਘ ਅਤੇ ਭਾਈ ਗੁਰਚਰਨ ਸਿੰਘ ਜੀ ਦੀ ਜੋੜੀ

ਨੂੰ ਦੇ ਚੁਕੇ ਸਨ । ਸਮਾਂ ਆ ਚੁਕਿਆ ਸੀ ਕਿ ਭਾਈ ਜਵਾਲਾ ਸਿੰਘ ਆਪਣੇ ਸਪੁੱਤਰਾਂ ਨੂੰ ਆਪਣੇ ਪੈਰਾਂ ਤੇ ਖੁਦ ਖੜੋਣ ਦਾ ਮੌਕਾ ਦੇਣ । 19.9 ਵਿੱਚ ਭਾਈ ਜਵਾਲਾ ਸਿੰਘ ਨੇ ਖੁਦ ਕੀਰਤਨ ਦੀ ਸੇਵਾ ਬਹੁਤ ਹੱਦ ਤੱਕ ਘਟਾ ਦਿਤੀ ਅਤੇ ਆਪਣੇ ਨੌਜੁਆਨ ਸਪੁੱਤਰਾਂ ਨੂੰ ਆਪਣਾ ਅਲਹਿਦਾ ਜਥਾ ਬਣਾਉਣ ਵਾਸਤੇ ਪ੍ਰੇਰਿਤ ਕਰਨਾ ਸ਼ੁਰੂ ਕਰ ਦਿਤਾ ।

1950 ਦੇ ਕਰੀਬ ਭਾਈ ਅਵਤਾਰ ਸਿੰਘ ਅਤੇ ਗੁਰਚਰਨ ਸਿੰਘ ਹੋਰਾਂ ਦੇ ਜਥੇ ਨੂੰ ਦੂਰੋਂ-ਦੂਰੋਂ ਕੀਰਤਨ ਦੀ ਸੇਵਾ ਕਰਨ ਵਾਸਤੇ ਸੱਦੇ ਆਉਣ ਲੱਗੇ । ਸ਼ਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ ਸ੍ਰੀ ਅੰਮ੍ਰਿਤਸਰ ਸਾਹਿਬ ਤਾਂ ਲੰਬੇ ਅਰਸੇ ਤੋਂ ਭਾਈ ਜਵਾਲਾ ਸਿੰਘ ਜੀ ਨੂੰ ਸ੍ਰੀ ਦਰਬਾਰ ਵਿਖੇ ਜਾਂ ਗੁਰਦਵਾਰਾ ਜਨਮ ਅਸਥਾਨ ਸ੍ਰੀ ਨਨਕਾਣਾ ਸਾਹਿਬ ਵਿਖੇ ਬਤੌਰ ਹਜ਼ੂਰੀ ਰਾਗੀ ਨਿਯੁਕਤ ਕਰਨ ਵਾਸਤੇ ਉਤਸੁਕ ਸੀ । ਇਹ ਸੰਸਥਾ ਭਾਈ ਜਵਾਲਾ ਸਿੰਘ ਜੀ ਦੇ ਸਪੁਤਰਾਂ ਦੀ ਜੋੜੀ ਵਿੱਚ ਵੀ ਦਿਲਚਸਪੀ ਲੈ ਰਹੀ ਸੀ ਕਿ ਉਹ ਸ੍ਰੀ ਦਰਬਾਰ ਸਾਹਿਬ ਵਿਖੇ ਹਜ਼ੂਰੀ ਰਾਗੀ ਬਣਨਾ ਮੰਨ ਲੈਣ । ਸ੍ਰੀ ਦਰਬਾਰ ਸਾਹਿਬ ਦੇ ਮੁੱਖ ਹਜ਼ੂਰੀ ਰਾਗੀ ਭਾਈ ਚਾਂਦ ਪਾਕਿਸਤਾਨ ਪਰਤ ਚੁਕੇ ਸਨ ਅਤੇ ਉਥੇ ਜ਼ਿੱਲਤਾਂ ਉਠਾਕੇ ਖ਼ੁਦਕੁਸ਼ੀ ਕਰਨ ਤੇ ਮਜਬੂਰ ਹੋ ਗਏ ਸਨ । ਭਾਈ ਸੰਤਾ ਸਿੰਘ ਜੀ ਦਰਬਾਰ ਸਾਹਿਬ ਦੀ ਸੇਵਾ ਛੱਡਕੇ ਠੇਕੇਦਾਰੀ ਕਰਨ ਦੇ ਜਨੂੰਨ ਵਿੱਚ ਆਸਾਮ ਅਤੇ ਬੰਗਾਲ ਨੂੰ ਰਵਾਨਾ ਹੋ ਚੁਕੇ ਸਨ ਅਤੇ ਭਾਈ ਸਮੁੰਦ ਸਿੰਘ ਜੀ ਸ੍ਰੀ ਦਰਬਾਰ ਸਾਹਿਬ ਤੋਂ ਅਸਤੀਫਾ ਦੇ ਕੇ ਲੁਧਿਆਣੇ ਚਲੇ ਗਏ ਸਨ ।

ਸ੍ਰੀ ਦਰਬਾਰ ਸਾਹਿਬ ਨੂੰ ਇਕ ਚੰਗੇ ਰਾਗੀ ਜਥੇ ਦੀ ਪਹਿਲਾਂ ਨਾਲੋਂ ਕਿਤੇ ਵੱਧ ਜ਼ਰੂਰਤ ਸੀ । ਇਸ ਜ਼ਰੂਰਤ ਨੂੰ ਪੂਰੀ ਕਰਨ ਵਾਸਤੇ ਸਭ ਤੋਂ ਵਧ ਯੋਗ ਜਥਾ ਭਾਈ ਅਵਤਾਰ ਸਿੰਘ ਗੁਰਚਰਨ ਸਿੰਘ ਦਾ ਹੀ ਸੀ । ਭਾਈ ਤਾਬਾ ਜੀ ਦਾ ਜਥਾ ਵੀ ਧਰੁਪ ਦੀਆਂ ਜਥਾ ਸ੍ਰੀ ਉਹ ਜਥਾ ਵੀ ਪਾਕਿਸਤਾਨ ਜਾ ਚੁਕਿਆ ਸੀ । ਸ੍ਰੀ ਦਰਬਾਰ ਸਾਹਿਬ ਦੀ ਸੇਵਾ ਵਾਸਤੇ ਇਕ ਚੰਗੇ ਧਰੁਪਦੀਏ ਜਥੇ ਦੀ ਘਾਟ ਮਹਿਸੂਸ ਹੋ ਰਹੀ ਸੀ । ਪਰ ਆਪਣੇ ਪਿਤਾ ਦੀ ਤਰ੍ਹਾਂ ਭਾਈ ਅਵਤਾਰ ਸਿੰਘ ਗੁਰਚਰਨ ਸਿੰਘ ਵੀ ਆਜ਼ਾਦ ਹੀ ਰਹਿਣ ਦੇ ਇਛੱਕ ਸਨ । ਆਜ਼ਾਦ ਰਹਿ ਕੇ ਵੀ ਭਾਈ ਸਾਹਿਬ ਬੜੇ ਮਸਰੂਫ਼ ਰਹਿੰਦੇ ਸਨ ।

1953 ਵਿੱਚ ਵਾਦੀਆਂ ਤੋਂ ਬਾਅਦ ਭਾਈ ਅਵਤਾਰ ਸਿੰਘ ਗੁਰਚਰਨ ਸਿੰਘ ਤੀਰਥ ਯਾਤਰਾ ਨੂੰ ਪੰਜਾਬ ਤੋਂ ਬਾਹਰ ਨਿਕਲੇ । ਇਰਾਦਾ ਇਹ ਸੀ ਕਿ ਗੁਰੂਘਰਾਂ ਦੇ ਦਰਸ਼ਨ ਵੀ ਕਰਾਂਗੇ ਅਤੇ ਗੁਰੂਘਰਾਂ ਵਿੱਚ ਕੀਰਤਨ ਚੌਂਕੀਆਂ ਵੀ ਭਰਾਂਗੇ । ਪੰਜਾਬ ਤੋਂ ਪੂਰਬ ਵਲ ਪਹਿਲਾ ਪੜਾਓ ਦਿਲੀ ਦਾ ਸੀ । ਭਾਈ ਸਾਹਿਬ ਦੀ ਜੋੜੀ ਗੁਰਦੁਵਾਰਾ ਸ੍ਰੀ ਸੀਸ ਗੰਜ ਸਾਹਿਬ ਪੁਜੀ । ਇਸ ਗੁਰੂ ਘਰ ਵਿਖੇ ਕੀਰਤਨ ਦੀ ਇਕ ਚੌਕੀ ਭਰੀ । ਇਕ ਅੱਧ ਧਰੁਪਦ, ਇਕ ਪੜਤਾਲ ਅਤੇ ਇਕ ਦੋ ਹੋਰ ਬਿਖੜੀਆਂ ਰੀਤਾਂ ਵਿਚ ਭਾਈ ਸਾਹਿਬ ਨੇ ਕੀਰਤਨ ਦੀ ਸੇਵਾ ਕੀਤੀ । ਉਹਨਾਂ ਦਿਨਾਂ ਵਿਚ ਦਿਲੀ ਗੁਰਦਵਾਰਾ ਪ੍ਰਬੰਧਕ ਕਮੇਟੀ ਦੇ ਕਾਰਜਕਾਲ ਜੋ ਪਾਕਿਸਤਾਨ ਤੋਂ ਆਏ ਸਨ, ਉਹ ਕੀਰਤਨ ਕਲਾ ਦੇ ਚੌਖੇ ਪ੍ਰੇਮੀ ਸਨ । ਇਹਨਾਂ ਵਿਚੋਂ ਕਈ ਕੀਰਤਨ ਕਲਾ ਦੇ ਡੂੰਘੇ ਪਾਰਖੂ ਵੀ ਸਨ । ਉਹਨਾਂ ਨੂੰ ਭਾਈ ਸਾਹਿਬ ਦਾ ਕੀਰਤਨ ਬੜਾ ਪਸੰਦ ਆਇਆ ।

1953 ਵਿਚ ਹੀ ਆਸਾਮ ਅਤੇ ਪੱਛਮੀ ਬੰਗਾਲ ਵਿਚ ਠੇਕੇਦਾਰੀ ਤੋਂ ਮਾਯੂਸ ਹੋ ਕੇ ਭਾਈ ਸੰਤਾ ਸਿੰਘ ਜੀ ਵੀ ਵਾਪਸ ਪਰਤ ਚੁਕੇ ਸਨ । ਸ੍ਰੀ ਦਰਬਾਰ ਸਾਹਿਬ ਤੋਂ ਤਾਂ ਉਹ ਸੇਵਾ ਮੁਕਤ ਹੋ ਹੀ ਚੁਕੇ ਸਨ, ਪਰ ਉਹਨਾਂ ਦੇ ਪਾਏ ਦਾ ਹੋਰ ਕੋਈ ਵੀ ਰਾਗੀ ਜਥਾ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਵਿਖੇ ਸੇਵਾ ਨਹੀਂ ਸੀ ਕਰ ਰਿਹਾ । ਇਸ ਘਾਟ ਨੂੰ ਪੂਰੀ ਕਰਨ ਵਾਸਤੇ ਸ਼੍ਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ ਭਾਈ ਸੰਤਾ ਸਿੰਘ ਜੀ ਨੂੰ ਮੁੜ ਕੇ ਹਜ਼ੂਰੀ ਰਾਗੀ ਦੀ ਸੇਵਾ ਦੇਣ ਵਾਸਤੇ ਰਾਜ਼ੀ ਸੀ । ਪਰ ਭਾਈ ਸੰਤਾ ਸਿੰਘ ਜੀ ਨੂੰ ਦਿਲੀ ਵਿਚ ਸੇਵਾ ਕਰਨ ਵਿਚ ਵਧੇਰੇ ਦਿਲਚਸਪੀ ਸੀ । ਦਿਲੀ ਗੁਰਦਵਾਰਾ ਪ੍ਰਬੰਧਕ ਵਲੋਂ ਪੇਸ਼ਕਸ਼ ਮਿਲਣ ਤੇ ਭਾਈ ਸੰਤਾ ਸਿੰਘ ਜੀ ਉਹਨਾਂ ਦੇ ਜਵਾਬ ਨਹੀਂ ਦੇ ਸਕੇ ਅਤੇ ਗੁਰਦਵਾਰਾ ਸ੍ਰੀ ਸੀਸ ਗੰਜ ਸਾਹਿਬ ਵਿਖੇ ਬਤੌਰ ਹਜ਼ੂਰੀ ਰਾਗੀ ਸੇਵਾ ਕਰਨ ਲੱਗ ਪਏ ।

(ਚਲਦਾ)


## The Sikh Courier

**88 Mollison Way, Edgwara Middlesex (Greator London) U K.**

## The Sikh Review

**116 Karnani Mansion**
**25-A, Park Steet, Calcutta 700016**

# ਸੁਰ ਲਿਪੀ ਰਾਗ ਗੁਣਕਲੀ

ਸੂ. ਗਿਆਨ ਸਿੰਘ (ਐਬਟਾਬਾਦ)

ਵਾਦੀ ਧੁ ਠਾਠ ਭੈਰਉ ਸਮਾਂ—ਸਵੇਰੇ

ਸੰਵਾਦੀ—ਰੁ ਜਾਤ ਓਡਵ

ਪਕੜ—ਰੁ ਸ, ਧੁ. ਸ, ਮ ਰੁ ਪ ਧੁ, ਮਰੁ, ਪਮਰੁਸ ।

ਆਰੋਹ ਸ ਰੁ ਮ ਪ ਧੁ ਸ ।

ਅਵਰੋਹ—ਸਂ ਧੁ ਪ ਮ ਰੁ ਸ ।

---

ਸੋ ਕਿਮ ਮਾਨਸ ਰੂਪ ਕਹਾਏ ॥ ਸਿਧ ਸਮਾਧ ਸਾਧ ਕਰ ਹਾਰੇ ਕਯੋਹੂੰ ਨ ਦੇਖਨ ਪਾਏ ॥੧॥ ਰਹਾਉ ॥ ਨਾਰਦ ਬਿਆਸ ਪਰਾਸਰ ਧ੍ਰੂਅ ਸੇ ਧਿਆਵਤ ਧਿਆਨ ਲਗਾਏ ॥ ਬੇਦ ਪੁਰਾਨ ਹਾਰ ਹਠ ਛਾਡਿਓ ਤਦਪਿ ਧਿਆਨ ਨ ਆਏ ॥੧॥ ਦਾਨਵ ਦੇਵ ਪਿਸਾਚ ਪ੍ਰੇਤ ਤੇ ਨੇਤਹ ਨੇਤ ਕਹਾਏ ॥ ਸੂਛਮ ਤੇ ਸੂਛਮ ਕਰ ਚੀਨੇ ਬ੍ਰਿਧਨ ਬ੍ਰਿਧ ਬਤਾਏ ॥੨॥ ਭੂਮ ਅਕਾਸ ਪਤਾਲ ਸਭੈ ਸਜਿ ਏਕ ਅਨੇਕ ਸਦਾਏ ॥ ਸੋ ਨਰ ਕਾਲ ਫਾਸ ਤੇ ਬਾਚੇ ਜੋ ਹਰਿ ਸਰਣ ਸਿਧਾਏ ॥੩॥ (ਸ਼ਬਦ ਹਜ਼ਾਰੇ ਪਾ: ੧੦) ਚਾਦੀ ਤਾਲ, ਬਿਲੰਬਿਤ

---

ਅਸਥਾਈ :

| ਸਮ | | | ੨ | | | | × | | | | | ੩ | |
|---|---|---|---|---|---|---|---|---|---|---|---|---|---|
| | | | | | | | ਸ | | | | | | |
| ਰੁ | ਰੁ | ਰੁ | ਸ | — | ਰੁ | ਸ | ਧੁ. | ਧੁ. | ਪਧੁ. | ਸ | — | ਸ | — |
| ਸੋ | ਕਿ | ਮ | ਮਾ | ऽ | ਨ | ਸ | ਰੂ | ਪ | ऽਕ | ਹਾ | ऽ | ਏ | ऽ |
| | | | ਮ | | | | ਸ | | | ਸ | | | |
| ਰੁ | ਰੁ | ਰੁਸੁ | ਰੁ | — | ਸ | — | ਧੁ. | — | ਧੁ. | ਰੁ | ਰੁ | ਸ | — |
| ਸਿ | ਧ | ऽਸ | ਮਾ | ऽ | ਧ | ऽ | ਸਾ | ऽ | ਧ | ਕ | ਰ | ਹਾ | ਰੇ |
| | | ਸ | | | | | | | | ਮ | | | |
| ਰੁ | ਸ | ਧੁ | — | — | ਪ | — | ਮ | ਪ | ਮ | ਰੁ | — | ਸ | — |
| ਕਯੋ | ऽ | ਹੂੰ | ऽ | ऽ | ਨ | ऽ | ਦੇ | ਖ | ਨ | ਪਾ | ऽ | ਏ | ऽ |

ਅੰਤਰਾ :

| | | | | | | | | | | | | | |
|---|---|---|---|---|---|---|---|---|---|---|---|---|---|
| | | | ਸ | | | | | | | | | | |
| ਪ | ਪ | ਪ | ਧੁ | — | ਧੁ | ਪਧੁ | ਸਂ | ਸਂ | ਸਂ | ਸਂ | — | ਸਂ | — |
| ਨਾ | ਰ | ਦ | ਬਿਆ | ऽ | ਸ | ऽਪ | ਰਾ | ਸ | ਰ | ਧ੍ਰੂਅ | ऽ | ਸੇ | ऽ |
| ਸਂ | | | | | | | ਸ | | | | | | |
| ਧੁ | ਧੁ | ਧੁ | ਸਂ | — | ਸ | ਸ | ਰੁਂ | — | — | ਸਂ | ਸਂ | ਸਂ | — |
| ਧਿਆਵੇ | | ਤ | ਧਿਆ | ऽ | ਨ | ਲ | ਗਾ | ऽ | ऽ | ऽऽ | ऽ | ਏ | ऽ |
| ਸਂ | | | | | | | ਸਂ | | | | | | |
| ਰੁਂ | ਰੁਂ | ਰੁਂ | ਸਂ | — | ਸਂ | — | ਧੁ | ਧੁ | ਧੁ | ਪ | ਧੁ | ਪ | — |
| ਬੇ | ਦ | ऽਪੁ | ਰਾ | ऽ | ਨ | ऽ | ਹਾ | ਰ | ਹਠ | ਛਾ | ऽ | ਡਿਓ | ऽ |
| | | | ਸਂ | | | | | | | | | | |
| ਸਂ | ਸਂ | ਸਂ | ਧੁ | — | ਪ | ਪ | ਮ | ਪ | ਮ | — | — | ਸ | — |
| ਤ | ਦ | ਪਿ | ਧਿਆ | ऽ | ਨ | ਨ | ਆ | ऽ | ऽ | ऽ | ऽ | ਏ | ऽ |

# ਸੰਗੀਤ-ਲਿਪੀ ਚਿੰਨ੍ਹ

| | |
|---|---|
| ਪ | ਜਿਨ੍ਹਾਂ ਸੁਰਾਂ ਦੇ ਉਪਰ ਹੇਠਾਂ ਕੋਈ ਚਿੰਨ੍ਹ ਨਾ ਹੋਵੇ, ਉਹ ਮੱਧ-ਸਪਤਕ ਦੇ ਸ਼ੁਧ ਸੁਰ ਹੁੰਦੇ ਹਨ। |
| ਧ | ਜਿਨ੍ਹਾਂ ਸੁਰਾਂ ਹੇਠਾਂ ਲੇਟਵੀਂ ਲਕੀਰ ਹੋਵੇ ਉਹ ਕੋਮਲ ਸੁਰ ਹੁੰਦੇ ਹਨ; ਪਰ ਕੋਮਲ ਮਧਿਅਮ ਉਪਰ ਕੋਈ ਚਿੰਨ੍ਹ ਨਹੀਂ ਹੁੰਦਾ ਕਿਉਂਕਿ ਕੋਮਲ ਮਧਿਅਮ ਨੂੰ ਸ਼ੁਧ ਮਧਿਅਮ ਵੀ ਕਹਿੰਦੇ ਹਨ। ਪੰਨੇ ਤੇ ਸਾਹਮਣੇ ਹਰਮੋਨੀਅਮ ਦੇ ਸੁਰ ਨੰ: 2, 4, 9, 11 ਕੋਮਲ ਸੁਰਹਨ। |
| ਮ | ਇਹ ਤੀਬਰ ਮਧਿਅਮ ਹੈ। ਸੁਰ ਨੰ: 7 ਤੀਬਰ ਮਧਿਅਮ ਹੈ। |
| ਪ/ਧ | ਜਿਨ੍ਹਾਂ ਸੁਰਾਂ ਹੇਠਾਂ ਬਿੰਦੀ ਹੋਵੇ ਉਹ ਮੰਦਰ ਸਪਤਕ ਦੇ ਸੁਰ ਹੁੰਦੇ ਹਨ। |
| ਸ/ਪਂ | ਜਿਨ੍ਹਾਂ ਸੁਰਾਂ ਦੇ ਉਪਰ ਬਿੰਦੀ ਹੋਵੇ ਉਹ ਤਾਰ ਸਪਤਕ ਦੇ ਸੁਰ ਹੁੰਦੇ ਹਨ। |
| ਪ— | ਜਿਹੜੇ ਸੁਰ ਅੱਗੇ ਜਿੰਨੀਆਂ ਲਕੀਰਾਂ (-) ਹਨ ਉਸ ਨੂੰ ਉਨੀਆਂ ਮਾਤਰਾਂ ਤਕ ਗਾਉਣਾ ਹੈ। |
| ਸ਼ਾਂ s | ਜਿਸ ਅੱਖਰ ਅੱਗੇ ਜਿੰਨੇ s ਪਏ ਹੋਣ ਉਸ ਨੂੰ ਉਨੀਆਂ ਮਾਤਰਾਂ ਤਕ ਗਾਉਣਾ ਹੈ। |
| ਧਪ | ਇਸ ਤਰ੍ਹਾਂ ਜਿੰਨੇ ਵੀ ਸੁਰ ਆਪਸ ਵਿਚ ਮਿਲੇ ਹੋਣ ਉਹਨਾਂ ਸਾਰਿਆਂ ਨੂੰ ਇਕ ਮਾਤਰਾ ਵਿਚ ਗ ਉਣਾ ਹੈ। |

XO 123 Xਸਮ, O ਖਾਲੀ ਅਤੇ 1-2-3 ਤਾਲੀਆਂ ਦੇ ਚਿੰਨ੍ਹ ਹਨ।

## ਸੁਰਾਂ: ਕੋਮਲ ਅਤੇ ਤੀਵਰ

**ਕੋਮਲ ਸੁਰਾਂ: ਰੇ ਗ ਧ ਨੀ    ਤੀਵਰ ਸੁਰ: ਮ**

**ਨੋਟ: ਸੁਰਾਂ ਦੀ ਗਿਆਤ ਸੁਖੇਨ ਕਰਨ ਲਈ ਨੰਬਰ ੧. ਤੋਂ ੧੨ ਲਗਾਏ ਹਨ**



# ਧੰਨ ਧੰਨ ਗੁਰੂ ਗੋਬਿੰਦ ਸਿੰਘ ਜੀ

ਸਰਦਾਰਨੀ ਹਰਬੰਸ ਕੌਰ
ਸੁਪਤਨੀ ਸ਼ਹੀਦ ਸ੍ਰ. ਨਾਨਕ ਸਿੰਘ ਐਡਵੋਕੇਟ

ਵੱਜ ਰਹੇ ਸ਼ਾਦਿਆਨੇ ਖੁਸ਼ੀਆਂ ਦੇ, ਪਰੀਆਂ ਅਰਸ਼ਾਂ ਤੋਂ ਫੁੱਲ ਵਰਸਾਏ ਹੋਏ ਨੇ।
ਢੁੰਮਕਣ ਢੇਰੀਆਂ ਤੂਤੀਆਂ ਢੋਲ ਵੱਜਣ, ਰਾਗ ਰਾਗਨੀਆਂ ਨੇ ਮੰਗਲ ਗਾਏ ਹੋਏ ਨੇ।
ਮਾਤ ਗੁਜਰੀ ਦੇ ਗ੍ਰਿਹ ਨੂੰ ਭਾਗ ਲੱਗੇ, ਸੰਤ ਪਾਹੁਨੜੇ ਘਰ ਆਏ ਹੋਏ ਨੇ।
ਭੀਖਣ ਸ਼ਾਹ ਆਖੇ ਮੇਰਾ ਹੈ ਕਾਬਾ, ਦਰਸ਼ਨ ਕਰਨ ਨੂੰ ਦਰ ਤੇ ਆਏ ਹੋਏ ਨੇ।
ਕੀਤੀ ਕਿਰਪਾ ਕਿਰਪਾਲ ਚੰਦ ਜੀ ਮਾਮੇ, ਪ੍ਰੀਤਮ ਬਾਲਾ ਜੀ ਗੋਦ ਚਾਏ ਹੋਏ ਨੇ।
ਦੋ ਕੁਜੀਆਂ ਪੀਰ ਸਵਾਲ ਕੀਤਾ, ਹਿੰਦੂ ਮੋਮਨਾਂ ਤਰਫ ਦਸਾਏ ਹੋਏ ਨੇ।
ਦੋਨਾਂ ਕੁਜੀਆਂ ਤੇ ਤੁਸੀਂ ਹੱਥ ਰੱਖੇ, ਦੂਈ ਦਵੈਤ ਦੇ ਭਰਮ ਮਿਟਾਏ ਹੋਏ ਨੇ।
ਤੇਰੇ ਚੋਜ ਅਨੋਖੜੇ ਪਾਤਸ਼ਾਹ ਜੀ, ਬਾਲ ਉਮਰ ਵਿਚ ਚੋਜ ਵਿਖਾਏ ਹੋਏ ਨੇ।
ਪੰਜ ਹਜ਼ਾਰੀ ਦਾ ਦੇ ਖਿਤਾਬ ਦਿੱਤਾ, ਬੇਦਾਵੇ ਭੀ ਮੁਕਤ ਕਰਾਏ ਹੋਏ ਨੇ।
ਐਸਾ ਕੋਈ ਨਾ ਦਿਸੇ ਜਹਾਨ ਅਦਰ, ਬੱਚੇ ਨੀਹਾਂ ਵਿੱਚ ਜਿਸ ਚਿਣਾਏ ਹੋਏ ਨੇ।
ਬੰਸ ਵਾਰ ਦਿੱਤਾ ਕੌਮ ਖਾਲਸੇ ਤੋਂ, ਸਿੱਖੀ ਬਾਗ ਦੇ ਫੱਲ ਖਿੜਾਏ ਹੋਏ ਨੇ।
ਬੰਸ ਕੌਣ ਹੈ ਕੀਟ ਤੇਰੀ ਚਰਨ ਸੇਵਕ, ਦੇਵੀ ਦੇਵਤਿਆਂ ਸੀਸ ਝੁਕਾਏ ਹੋਏ ਨੇ।

# ਸਮਾਚਾਰ ਦਰਪਣ

## ਸੰਗੀਤ ਕਲਾ ਮੰਚ ਦਾ
## 28ਵਾਂ ਸੰਗੀਤ ਸੰਮੇਲਨ

ਸੰਗੀਤ ਕਲਾ ਮੰਚ ਜਲੰਧਰ ਦਾ 28ਵਾਂ ਸੰਗੀਤ ਸੰਮੇਲਨ 8 ਅਕਤੂਬਰ ਨੂੰ ਸਵਰਗੀਯ ਪੰਡਿਤ ਸਤਪਾਲ ਭਾਰਦੁਆਜ ਦੀ ਯਾਦ ਵਿਚ ਆਯੋਜਿਤ ਕੀਤਾ ਗਿਆ। ਡਾ. ਪ੍ਰਕਾਸ਼ ਸੰਗੀਤ, ਜੋ ਬੰਬਈ ਤੋਂ ਪਧਾਰੇ ਸਨ, ਦਾ ਗਾਇਨ ਬੜਾ ਪ੍ਰਭਾਵਸ਼ਾਲੀ ਰਿਹਾ। ਉਨ੍ਹਾਂ ਨੇ ਇਕ ਅਪ੍ਰਚਲਿਤ ਰਾਗ ਚੰਪਾਕਲੀ ਵਿਚ ਵਿਲੰਬਤ ਅਤੇ ਦਰੁਤ ਖਿਆਲ ਪ੍ਰਸਤੁਤ ਕੀਤੇ। ਵਿਲੰਬਤ ਖਿਆਲ 'ਪਾਰ ਕਰੋ ਮੇਰੀ ਨਾਵ' ਅਤੇ ਦਰੁਤ ਖਿਆਲ 'ਚਤੁਰ ਸੁਘਰ ਬਾਲਮਾ ਮੋਰੇ ਪਿਆਰੇ' ਦੁਆਰਾ ਆਪਣੀ ਵਿਸ਼ੇਸ਼ ਗਾਇਨ ਸ਼ੈਲੀ ਦਾ ਪ੍ਰਦਰਸ਼ਨ ਕਰਕੇ ਸਰੋਤਿਆਂ ਨੂੰ ਮੰਤਰ-ਮੁਗਧ ਕਰਨ ਦੇ ਨਾਲ ਨਾਲ ਚਕ੍ਰਿਤ ਵੀ ਕੀਤਾ। ਇਸ ਰਾਗ ਵਿਚ ਮਧਅਮ ਤੀਵਰ ਦੇ ਨਾਲ ਕੋਮਲ ਨਿਸ਼ਾਦ ਦਾ ਪ੍ਰਯੋਗ ਕਾਫੀ ਕਠਿਨ ਕੰਮ ਹੈ, ਪਰ ਪ੍ਰਕਾਸ਼ ਜੀ ਬੜੀ ਸਰਲਤਾ ਨਾਲ ਰਾਗ ਦੇ ਸੁਭਾਵ ਨੂੰ ਪ੍ਰਗਟ ਕਰ ਰਹੇ ਸਨ। ਲਛੇਦਾਰ, ਵਿਕਟਤਾਨਾਂ ਅਤੇ ਸਰਗਮ ਤਾਨਾਂ ਨੇ ਉਨ੍ਹਾਂ ਦੀ ਸਾਧਨਾ ਦਾ ਪ੍ਰੀਚੇ ਦਿੱਤਾ। ਰਾਗ ਪਰਜ ਥੋੜ੍ਹੀ ਦੇਰ ਗਾਉਣ ਤੋਂ ਬਾਅਦ ਮੀਰਾ ਬਾਈ ਦਾ ਭਜਨ 'ਸੰਤੋ ਕਰਮ ਕੀ ਗਤੀ ਨਿਆਰੀ' ਨੇ ਸਰੋਤਿਆਂ ਨੂੰ ਅਨੰਦ ਵਿਭੋਰ ਕਰ ਦਿੱਤਾ। ਇਨ੍ਹਾਂ ਤੋਂ ਪਹਿਲਾਂ ਸ੍ਰੀ ਸੁਰੇਂਦਰ ਸ਼ਰਮਾ ਨੇ ਕਬੀਰ ਅਤੇ ਨਾਰਾਇਣ ਸੁਆਮੀ ਦੀਆਂ ਰਚਨਾਵਾਂ ਦਾ ਗਾਇਨ ਕੀਤਾ। ਸ੍ਰੀ ਮੋਹਨ ਮਲਸਿਆਨੀ ਨੇ ਰਾਗ ਸਰਵਸਤ ਸਾਰੰਗ ਵਿਚ ਸੂਰਦਾਸ ਦਾ ਪਦ 'ਤੁਮ ਮੇਰੀ ਰਾਖੋ ਲਾਜ ਹਰੀ' ਗਾਇਆ। ਪ੍ਰੋ. ਲਛਮਣ ਸਿੰਘ ਸੀਨ ਨੇ ਸਮਾਂ ਰੋਸ਼ਨ ਕੀਤੀ। ਡਾ. ਜੋਗਿੰਦਰ ਬਾਵਰਾ ਨੇ ਰਾਗ ਭੀਮ ਪਲਾਸੀ ਵਿਚ 'ਜੈ ਦੁਰਗੇ ਦੁਰਗਤ ਪ੍ਰਹਾਰਣੀ' ਰਚਨਾ ਪੇਸ਼ ਕੀਤੀ, ਜਿਸ ਨੂੰ ਉਨ੍ਹਾਂ ਨੇ ਹੀ ਸੁਰਬੱਧ ਕੀਤਾ ਹੈ। ਇਨ੍ਹਾਂ ਨਾਲ ਤਬਲਾ ਸੰਗਤੀ ਸ੍ਰੀ ਰਮਾਂ ਕਾਂਤ ਅਤੇ ਵਾਇਲਨ ਤੇ ਸ੍ਰੀ ਪ੍ਰਦੀਪ ਪੁਰੀ ਨੇ ਕੀਤੀ। ਬਨਾਰਸ ਦੇ ਸ੍ਰੀ ਚੰਦਰ ਕਾਂਤ ਪ੍ਰਸਾਦ ਨੇ ਸ਼ਹਿਨਾਈ ਤੇ ਰਾਗ ਮਧੂਵੰਤੀ ਅਤੇ ਇਕ ਧੁਨ ਸੁਣਾ ਕੇ ਸਰੋਤੇ ਨਿਹਾਲ ਕੀਤੇ। ਇਨ੍ਹਾਂ ਨਾਲ ਤਬਲਾ ਸੰਗਤ ਸ੍ਰੀ ਤਿਲਕ ਰਾਜ ਨੇ ਕੀਤੀ। ਸ੍ਰੀ ਬਲਦੇਵ ਨਾਰੰਗ ਨੇ ਰਾਗ ਗਾਵਤੀ ਵਿਚ ਖਿਆਲ ਅਤੇ 'ਹਰੀ ਓਮ ਤਤ ਸਤ' ਭਜਨ ਪੇਸ਼ ਕੀਤਾ। ਇਨ੍ਹਾਂ ਨਾਲ ਹਰਮੋਨੀਅਮ ਸੰਗਤ ਪ੍ਰੋ. ਜੋਗਿੰਦਰ ਬਾਵਰਾ ਨੇ ਕੀਤੀ। ਗਵਾਲੀਅਰ ਦੇ ਸ੍ਰੀ ਉਮੇਸ਼ ਕੰਪੂਵਾਲੇ ਨੇ ਰਾਗ ਮਾਰਵਾ ਦੇ ਵਿਲੰਬਤ ਅਤੇ ਦਰੁਤ ਖਿਆਲ 'ਸਿਮਰ ਮਨਵਾ ਪ੍ਰਮੇਸ਼ਵਰ ਕੋ ਨਿਸ ਦਿਨ' ਇਕ ਤਾਲ ਵਿਚ ਅਤੇ ਦੂਜਾ ਖਿਆਲ 'ਸਾਂਝ ਭਈ ਅਬ ਗੁਨੀ ਜਨ ਗਾਵੇ ਮਾਰਵਾ' ਆਪਣੀ ਭਰਵੀਂ ਤੇ ਬੁਲੰਦ ਆਵਾਜ਼ ਵਿਚ ਪੇਸ਼ ਕੀਤੇ। 'ਹੇ ਗੋਬਿੰਦ ਰਾਖੋ ਸ਼ਰਣ' ਭਜਨ ਨੂੰ ਦਾਦਰਾ ਤਾਲ ਵਿਚ ਗਾ ਕੇ ਸਮਾਪਤੀ ਕੀਤੀ। ਮੰਚ ਵਲੋਂ ਪੰਡਤ ਸਤਪਾਲ ਦੀ ਯਾਦ ਵਿਚ ਆਰਿਫ਼ ਸੋਵੀਨਾਰ' ਤਿਆਰ ਕੀਤਾ ਗਿਆ, ਜਿਸ ਨੂੰ ਸ੍ਰੀ ਠਾਕੁਰ ਜਗਮੋਹਨ ਜੀ ਨੇ ਰਿਲੀਜ਼ ਕੀਤਾ। ਕਲਾਕਾਰਾਂ ਦੀ ਕਲਾ ਦਾ ਪਧਰ ਬਹੁਤ ਉੱਚਾ ਸੀ। ਫਗਵਾੜਾ, ਕਪੂਰਥਲਾ, ਗੁਰਾਇਆ ਤੇ ਹੋਰ ਨਗਰਾਂ ਵਿਚੋਂ ਵੀ ਸੰਗੀਤ ਪ੍ਰੇਮੀ ਸਰੋਤੇ ਪੁਜੇ ਸਨ।

ਜੋਗਿੰਦਰ ਸਿੰਘ ਬਾਵਰਾ

# ਗ੍ਰਾਮ ਵਿਵੇਚਨ

ਹੇ ਉਤਪਦਾਕ ਰਾਗ ਕੋ ਰੰਜਕ ਰੂਪ ਸਮਾਨ ਵਿਰਾਜਤ ਵਾਦੀ
ਠਾਠ ਕੇ ਬਾਰਹਿੰ ਕੋ ਿਰ ਰਹੇ ਸ੍ਰੁਤਿ ਮੰਡਲ ਕੋ ਸਮਵਾਦੀ
ਸੇਵਕ ਸੋ ਪੁਨ ਆਨ ਸਭੈ ਅਨੁਕੂਲ ਰਹੇ ਸੁਖ ਸੋ ਅਨੁਵਾਦੀ
ਅੰਤਰ ਜੋ ਸ੍ਰੁਤਿ ਕਹੇਂ ਕੋਤਬ ਸੋ ਸੁਰ ਹੋਣ ਫਿਸਾਦਿ ਵਿਵਾਦੀ
ਕੁੰ ਬਿਕ੍ਰਮ ਸਿੰਘ

ਸਮੂਹ (ਸਮੁਦਾਯ) ਰਾਗ ਦੀ ਸਰਗਰਮ ਦੀ ਸਥਿਤੀ ਦਾ ਮੂਲ ਰੂਪ ਸਵਰ (ਸੁਰ) ਸੰਗੀਤ ਸ਼ਾਸਤਰ ਅਨੁਸਾਰ ਸੜਜ, ਮਧਜਮ ਅਤੇ ਗੰਧਾਰ ਤਿੰਨ ਗ੍ਰਾਮ ਹਨ, ਜਿ ਨਾਂ ਦੇ ਨਾਉਂ ਨੰਦਯਾਵਾਰਤ, ਸੁਭਦ੍ਰ ਅਤੇ ਨ੍ਰੀਮੂਤ ਹਨ। ਸੜਜ਼ ਨੂੰ ਮੁੱਖ ਰਖਕੇ ਬਾਕੀ ਸੁਰਾਂ ਦਾ ਫੈਲਾਉ ਕਰੀਏ, ਤਦ ਸੜਜ਼ ਗ੍ਰਾਮ ਹੈ। ਇਸੇ ਤਰ੍ਹਾਂ ਹੀ ਮਧਜਮ ਤੇ ਗੰਧਾਰ ਦੀ ਥਾਂ ਪੰਚਮ ਤੀਸਰਾ ਗ੍ਰਾਮ ਹੈ। ਕਈ ਸੰਗੀਤ ਗਰੰਥਾਂ ਵਿਚ ਮੰਦ੍ਰ ਗ੍ਰਾਮ ਸੜਜ਼ ਹੈ, ਮਧਮ ਮਧਜ ਗ੍ਰਾਮ ਹੈ ਤੇ ਨਿਸ਼ਾਦ ਤਾਰ ਗ੍ਰਾਮ ਹੈ।

**ਸੜਜ਼ :** ਸੜਜ਼ ਰਾਗ ਦਾ ਪਹਿਲਾ ਸਵਰ, ਜੋ ਛੇ ਥਾਵਾਂ ਤੋਂ ਉਤਪੰਨ ਹੁੰਦਾ ਹੈ। ਇਹ ਹਨ : ਨੱਕ, ਕੰਠ, ਛਾਤੀ, ਤਾਲੂਆ, ਜੀਭ ਅਤੇ ਦੰਦ। ਇਹਨਾਂ ਛੇ ਅੰਗਾਂ ਦੀ ਸਹਾਇਤਾ ਨਾਲ ਸੁਰ ਬਣਦਾ ਹੈ। ਸੰਗੀਤ ਸ਼ਾਸਤਰ ਅਨੁਸਾਰ ਇਸ ਸੁਰ ਦੀ ਉਤਪਤੀ ਮੋਰ ਦੀ ਧੁਨੀ ਤੋਂ ਦੱਸੀ ਹੈ। ਸੜਜ਼ ਸਵਰ ਦੀਆਂ ਚਾਰ ਸ੍ਰੁਤੀਆਂ (ਸਵਰ ਦੇ ਅੰਸ਼) ਤ੍ਰੀਵਾ, ਕੁਮੁਦਵਤੀ, ਮੰਦ੍ਰਾਂ ਤੇ ਛੰਦੋਵਤੀ ਹਨ।

**ਗੰਧਾਰ :** ਸੰਗੀਤ ਸ਼ਾਸਤਰ ਅਨੁਸਾਰ ਗੰਧਾਰ ਸਵਰ ਦੀ ਉਤਪਤੀ ਬੱਕਰੀ/ਭੇਡ ਦੀ ਆਵਾਜ਼ ਤੋਂ ਦਰਸਾਈ ਹੈ। ਗੰਧਾਰ ਸੁਰ ਦੀਆਂ ਦੋ ਸ੍ਰੁਤੀਆਂ (ਸਵਰ ਦੇ ਅੰਸ) ਰੌਦ੍ਰੀ ਤੇ ਕ੍ਰੋਧਾ ਹਨ।

**ਮਧਜ :** ਮਧਮ ਸਵਰ ਦੀ ਉਤਪਤੀ ਕੂੰਜ ਦੀ ਅਵਾਜ਼ ਤੋਂ ਥਾਪੀ ਗਈ ਹੈ। ਇਸ ਸਵਰ ਦੀਆਂ ਚਾਰ ਸਰੁਤੀਆਂ, ਵਜ੍ਰਿਕਾ, ਪ੍ਰਸਾਰਿਣੀ, ਪ੍ਰੀਤਿ ਅਤੇ ਅੰਜਨੀ ਹਨ। ਸੱਤ ਸ਼ੁਧ ਸੁਰਾਂ ਦੀਆਂ 22 ਸਰੁਤੀਆਂ ਅਰਥਾਤ ਸਵਰ ਮਾਤਰਾ ਹਨ। ਇਹਨਾਂ ਸਰੁਤੀਆਂ ਦੇ ਸਮੂਹ ਨੂੰ ਸ੍ਰੁਤਿ ਮੰਡਲ ਵੀ ਆਖਦੇ ਹਨ। ਇਹਨਾਂ ਤੋਂ ਗ੍ਰਾਮ ਸਵਰ ਦੀ ਥਾਪਨਾ ਉਤਪਤੀ ਹੈ।

ਤੀਰਥ ਸਿੰਘ

---

# ਕੰਪਿਊਟਰ ਵਿੱਚ ਸ੍ਰੀ ਗੁਰੂ ਗਰੰਥ ਸਾਹਿਬ

ਅਮਨਪ੍ਰੀਤ ਕੌਰ

ਅਸਟਰੇਲੀਆ ਨਿਵਾਸੀ ਸ੍ਰੀ ਬਲਵੰਤ ਸਿੰਘ ਉਪਲ ਜੋ ਖੁਦ ਇਕ ਇੰਜੀਨੀਅਰ ਹਨ, ਨੇ ਸ੍ਰੀ ਗੁਰੂ ਗਰੰਥ ਸਾਹਿਬ (ਪੰਨਾ 1 ਤੋਂ 1430 ਤੱਕ) ਜਾਪੁ ਸਾਹਿਬ, ਚੌਪਈ ਸਾਹਿਬ, ਰਹਿਰਾਸ ਸਾਹਿਬ ਅਤੇ ਸਵੱਈਏ ਪਾਤਸ਼ਾਹੀ ਦਸਵੀਂ ਨੂੰ ਕੰਪਿਊਟਰ ਵਿਚ ਭਰਿਆ ਹੈ। ਕੋਈ ਵੀ ਸ਼ਰਧਾਲੂ ਗੁਰੂ ਗਰੰਥ ਸਾਹਿਬ ਅਤੇ ਉਪਰੋਕਤ ਬਾਣੀਆਂ ਇਕ ਦਮ 'ਕੰਪਿਊਟਰ ਸਕਰੀਨ ਤੇ ਪ੍ਰਕਾਸ਼ ਕਰ ਸਕਦਾ ਹੈ।

ਸ੍ਰੀ ਬਲਵੰਤ ਸਿੰਘ ਉਪਲ, ਜੋ ਜ਼ਿਲਾ ਜਲੰਧਰ ਦੇ ਪਿੰਡ ਗੱਦੋਵਾਲੀ ਦੇ ਜੰਮਪਲ ਹਨ, ਨੇ ਪਿਛੇ ਜਿਹੇ ਅੰਮ੍ਰਿਤਸਰ ਵਿਖੇ ਸ੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, "ਓਅੰਕਾਰ ਗੁਰਬਾਣੀ ਸਿਸਟਮ ਬਾਰੇ ਵੇਰਵੇ ਸਹਿਤ ਜਾਣਕਾਰੀ ਦਿੱਤੀ। ਇਸ ਸਿਸਟਮ ਰਾਹੀਂ ਉਸੇ ਸਮੇਂ ਤੁਸੀਂ ਸ੍ਰੀ ਗੁਰੂ ਗਰੰਥ ਸਾਹਿਬ ਜਾਂ ਉਪਰੋਕਤ ਬਾਣੀਆਂ ਵਿਚ ਆਏ ਲਫਜ਼ਾਂ ਦੇ ਅਰਥ ਦੇਖ ਸਕਦੇ ਹੋ। ਉਨ੍ਹਾਂ ਦੇ ਆਖਣ ਅਨੁਸਾਰ ਕੰਪਿਊਟਰ ਵਿਚ ਭਰੀ ਸਾਰੀ ਗੁਰਬਾਣੀ ਦੀਆਂ ਲਗਾਂ ਮਾਤਰਾ ਠੀਕ ਅਤੇ ਸ਼ੁਧ ਹਨ ਅਤੇ ਅਰਥ ਭਾਈ ਕਾਨ੍ਹ ਸਿੰਘ ਨਾਭਾ ਜੀ ਦ ਮਹਾਨ ਕੋਸ਼ ਅਤੇ ਹੋਰ ਸਿਖ ਵਿਦਵਾਨਾਂ ਵਲੋਂ ਤਿਆਰ ਕੀਤੇ ਟੀਕਿਆਂ ਨਾਲ ਮਿਲਦੇ ਹਨ।

ਇਸ ਸਿਸਟਮ ਰਾਹੀਂ ਤੁਸੀਂ ਕਿਸ ਵੀ ਸ਼ਬਦ ਜਾਂ ਤੁਕ ਨੂੰ ਭਾਲ ਸਕਦੇ ਹੋ। ਉਹਨਾਂ ਦੇ ਆਖਣ ਅਨੁਸਾਰ ਇਹ ਸਿਸਟਮ ਗੁਰਬਾਣੀ ਸਾਹਿਤ ਨੂੰ ਆਪਣੀ ਹੀ ਤਰ੍ਹਾਂ ਦੀ ਦੇਣ ਹੈ। ਗੁਰਬਾਣੀ ਵਿਚ ਆਏ ਲਫਜ਼ਾਂ ਦੇ ਅੱਖਰੀ ਅਰਥ ਸਮਝਣ ਵਿਚ ਸਹਾਈ ਹੋਵੇਗਾ। ਬੱਚਿਆਂ ਨੂੰ ਗੁਰਬਾਣੀ ਸਿਖਣ ਲਈ ਵਕਤ ਦੀ ਲੋੜ ਅਨੁਸਾਰ ਨਵਾਂ ਉਤਸ਼ਾਹ ਭਰਪੂਰ ਵਾਤਾਵਰਣ ਦੇਵੇਗਾ। ਗੁਰਬਾਣੀ ਸਿਖਣ ਵਿਚ ਲੱਗਣ ਵਾਲੇ ਸਮੇਂ ਦੀ ਬਚਤ ਕਰੇਗਾ ਅਤੇ ਬੱਚਿਆਂ ਨੇ ਸ੍ਰੀ ਗੁਰ ਗਰੰਥ ਸਾਹਿਬ ਤੋਂ ਗੁਰਬਾਣੀ ਪੜ੍ਹਨ ਦੀ ਝਿੱਜਕ ਦੂਰ ਕਰੇਗਾ। ਇਹ ਸਿਸਟਮ ਗੁਰਬਾਣੀ ਸਾਹਿਤ ਦੇ ਖੋਜਕਾਰਾਂ ਦੀ ਬੜੀ ਹੀ ਮਦਦ ਕਰੇਗਾ।

ਸ੍ਰੀ ਉਪਲ ਨੇ ਕਿਹਾ ਕਿ ਇਹ ਸਿਸਟਮ ਕਿਸੇ ਵੀ ਤਰ੍ਹਾਂ ਸਿੱਖ ਮਰਯਾਦਾ ਦੀ ਉਲੰਘਣਾ ਨਹੀਂ ਕਰਦਾ। ਉਨ੍ਹਾਂ ਨੇ ਸਿੰਘ ਸਾਹਿਬਾਨ ਨੂੰ ਵੀ ਇਹ ਸਿਸਟਮ ਵਿਖਾਇਆ ਸੀ। ਇਸ ਸਿਸਟਮ ਨੂੰ ਹੋਰ ਕੰਪਿਊਟਰਾਂ ਤੇ ਵੀ ਚੜ੍ਹਾਇਆ ਜਾ ਸਕਦਾ ਹੈ।

# ਡਾ: ਜਾਗੀਰ ਸਿੰਘ ਜੀ ਦਾ ਕੀਰਤਨ ਪ੍ਰੋਗਰਾਮ

| ਸਥਾਨ | ਮਿਤੀ | ਸਮਾਂ |
|---|---|---|
| ਡਾ. ਲਿਵਤਾਰ ਸਿੰਘ ਚਾਵਲਾ<br>7-ਟੈਗੋਰ ਨਗਰ ਲੁਧਿਆਣਾ | 9 ਦਸੰਬਰ 1995 | 10 ਤੋਂ 11 ਸਵੇਰੇ |
| ਗੁਰਦੁਆਰਾ ਸਾਹਿਬ ਸੈਕਟਰ 46 | 10 ਦਸੰਬਰ 1995 | 8-30 ਤੋਂ 9-30 ਸਵੇਰੇ |
| ਇੰਦਰਜੀਤ ਸਿੰਘ,<br>1695, ਸੈਕਟਰ 33, ਚੰਡੀਗੜ੍ਹ | " " " | 10 ਤੋਂ 11 ਸਵੇਰੇ |
| ਸ੍ਰ. ਸਰਵਨ ਸਿੰਘ ਲਾਂਬਾ,<br>1068 ਸੈਕਟਰ 36-ਸੀ, ਚੰਡੀਗੜ੍ਹ | " " " | 11-15 ਤੋਂ 11-15 ਦਿਨੇ |
| ਸੂਰੀ ਪਰਿਵਾਰ<br>1021, ਸੈਕਟਰ 36, ਚੰਡੀਗੜ੍ਹ | 11 ਦਸੰਬਰ 1995 | 7 ਤੋਂ 8 ਸਵੇਰੇ |
| ਗੁਰਦੁਆਰਾ ਅੰਬ ਸਾਹਿਬ<br>ਫੇਸ-8, ਮੁਹਾਲੀ | 16 ਦਸੰਬਰ 1995 | 1 ਤੋਂ 2 ਦਿਨੇ |
| ਸ. ਸ. ਗਰੇਵਾਲ,<br>59, ਸੈਕਟਰ 2, ਚੰਡੀਗੜ੍ਹ | 21 ਦਸੰਬਰ 1995 | 10-30 ਤੋਂ 11-30 ਦਿਨੇ |
| ਸ੍ਰ. ਹਰਬਿੰਦਰ ਸਿੰਘ<br>1262, ਸੈਕਟਰ 8, ਚੰਡੀਗੜ੍ਹ | 25 ਦਸੰਬਰ 1995 | 10 ਤੋਂ 12 ਦਿਨੇ |
| ਦਿੱਲੀ ਗੁਰਦੁਆਰਾ ਪ੍ਰਬੰਧਕ ਕਮੇਟੀ | 26-27-28 ਦਸੰਬਰ | ਗੁਰੂ ਗੋਬਿੰ ਸਿੰਘ ਜੀ ਦੇ<br>ਪ੍ਰਕਾਸ਼ ਉਤਸਵ ਸੰਬੰਧੀ |
| ਗੁਰਦੁਆਰਾ ਸਿੰਘ ਸਭਾ ਹਿਸਾਰ | 6 ਜਨਵਰੀ 1996 | ਰਾਤੀਂ |
| " " " " | 7 ਜਨਵਰੀ 1996 | ਸਵੇਰੇ |
| ਸ੍ਰ. ਸੋਹਨ ਸਿੰਘ,<br>35/1, ਬੀ ਮਾਡਲ ਗਰਾਮ ਲੁਧਿਆਣਾ | 14 ਜਨਵਰੀ 1996 | 10 ਤੋਂ 12 ਦਿਨੇ |
| ਗੁ ਅੰਬ ਸਾਹਿਬ, ਫੇਜ਼-8 ਮੁਹਾਲੀ | 1 ਫਰਵਰੀ 1996 | 1 ਤੋਂ 2 ਦਿਨੇ |
| " | 2 ਫਰਵਰੀ 1996 | 1 ਤੋਂ 2 ਦਿਨੇ |

ਪੁੱਛ ਗਿੱਛ ਲਈ :—ਡਾ. ਜਾਗੀਰ ਸਿੰਘ, 422, ਸੈਕਟਰ 15-ਏ, ਚੰਡੀਗੜ੍ਹ
ਫੋਨ : 0172—772660